# ਸੋਧ

ਨਵੰਬਰ 1976 (ਜਿਲਦ 5 ਨੰਬਰ 11)

**November 1976**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

ਜਿਲਦ 5
ਨਵੰਬਰ 1976
ਨੰਬਰ 11

| | |
|---|---|
| ਸਿਖ-ਲਹਿਰ ਦਾ ਅਸਲਾ (ਸਫ਼ਾ 3) | ਪ੍ਰੋ. ਕਿਸ਼ਨ ਸਿੰਘ |
| ਇਕੋ ਚੌਂਤਰੇ ਦੇ ਭਿਆਲ (ਸਫ਼ਾ 14) | ਬਲਬੀਰ ਸਿੰਘ |
| ਸਾਡੇ ਦੇਸ ਵਿਚ ਦੇਸੀ ਰਹਿਤਲ ਦੀਆਂ ਪਿਰਤਾਂ (ਸਫ਼ਾ 19) | ਸੁਜਾਉਲ ਹੱਕ ਲਾਹੌਰੀ |
| ਨਵੀਂ ਪੰਜਾਬੀ ਕਵਿਤਾ ਦੀ ਗੱਲ (ਸਫ਼ਾ 25) | ਕਰਮ ਸਿੰਘ |
| ਸਿਖ-ਲਹਿਰ ਦੀ ਕੀਤੀ ਨਾਲ ਡਾ. ਗਰੇਵਾਲ ਦਾ ਸੁੱਧਾ ਧੱਕਾ (ਸਫ਼ਾ 32) | ਪ੍ਰੋ. ਕਿਸ਼ਨ ਸਿੰਘ |
| ਕਾਤਰਾਂ (ਸਫ਼ਾ 41) | |
| ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 45) | ਜਗਜੀਤ ਸਿੰਘ, ਪ੍ਰੋ. ਕਿਸ਼ਨ ਸਿੰਘ, ਜਗਜੀਤ ਸਿੰਘ ਸੰਧੂ, ਮਾਸਟਰ ਹੀਰਾ ਸਿੰਘ, ਸਰਦਾਰਾ ਸਿੰਘ ਤੇ ਤੇਜਬੀਰ ਸਿੰਘ |

---

Edited, Printed & Published
by Gurvel Singh Pannu,
A/42, Defence Colony,
New Delhi-110024.
Ph. No. 62 63 00

Printed at 'LOK PRINTERS'
A1/12, Krishan Nagar, Delhi-51.

Price : Rs. 1.25 Per Copy
Subscription :
Annual (India) : Rs. 12
U.K , U.S.A., Canada : £ 5 / $ 10 (By Air)
£2.50 / $5 (By Sea)
(Pakistan) : Rs. 20
Life membership : Rs. 100
£50 / $ 100 (By Air) : £ 25 or $ 50 (By Sea)

## ਸੇਧ ਪ੍ਰਕਾਸ਼ਨ ਦੀਆਂ ਪੁਸਤਕਾਂ

### ● ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ । ਸਫ਼ੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ ।

### ● ਸਾਹਿਤ ਦੀ ਸਮਝ

"ਪ੍ਰੋ: ਕਿਸ਼ਨ ਸਿੰਘ ਨੇ ਮਾਰਕਸਵਾਦ ਦੇ ਸਿਧਾਂਤ ਨੂੰ ਸਮਝ ਕੇ ਸਾਡੀ ਸਭਿਅਤਾ ਤੇ ਸਾਡੀ ਇਤਿਹਾਸਕ ਸਾਹਿਤਕ ਪਰੰਪਰਾ ਦੇ ਦੁਪਾੜ ਤੇ ਦੁਮੇਲ ਉਜਾਗਰ ਕੀਤੇ ਨੇ । ਉਹਨਾਂ ਨੇ ਰੂਪ ਤੇ ਸਾਰ ਦੀ ਵਿਲੱਖਣਤਾ 'ਤੇ ਜ਼ੋਰ ਦਿਤਾ ਹੈ ਤੇ ਇਸ ਕਰਕੇ ਉਹ ਪੰਜਾਬੀ ਸਾਹਿਤ ਦੇ ਸਭ ਤੋਂ ਵੱਡੇ ਆਲੋਚਕ ਨੇ..." (ਡਾ. ਹਰਜੀਤ ਸਿੰਘ ਗਿੱਲ)

ਪ੍ਰੋ: ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ — ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਫ. ਏ. ਤੋਂ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ : ਪੰਦਰਾਂ ਰੁਪੈ ।

### ● ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ, ਮਨ ਨੂੰ ਟੁੰਬਣ ਵਾਲੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿਖ, ਲਾਏਬਰੇਰੀ ਐਡੀਸ਼ਨ, ਪੱਕੀ ਜਿਲਦ — ਮੁਲ : ਪੰਦਰਾਂ ਰੁਪੈ, ਪੇਪਰ ਬੈਕ — ਮੁਲ : ਦਸ ਰੁਪੈ ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2 ਡਾਲਰ)

ਇਹਨਾਂ ਕਿਤਾਬਾਂ ਦਾ ਆਰਡਰ ਤੇ ਸੇਧ ਦਾ ਚੰਦਾ ਆਦਿ ਹੇਠਲੇ ਐਡਰੈਸਾਂ 'ਤੇ ਦਿਤਾ ਜਾ ਸਕਦਾ ਹੈ :

Mrs. H. S. SAINI
95, Burns Ave.,
Southall, Middx
U. K.

S E D H
A-42, Defence Colony,
New Delhi-24.

Mr. G. S. PANNU
3368E, 27th Ave.
Vancouver-16 (B.C.)
Canada.



ਪ੍ਰੋ: ਕਿਸ਼ਨ ਸਿੰਘ

## ਸਿਖ ਲਹਿਰ ਦਾ ਅਸਲਾ

ਜਿਹੜੇ ਲੋਕ ਸਿਖ ਲਹਿਰ ਦੇ ਲੋਕ-ਹਿਤੀ, ਇਨਕਲਾਬੀ ਅਤੇ ਫ਼ੀਊਡਲ-ਵਿਰੋਧੀ ਅਸਲੇ ਨੂੰ ਨਹੀਂ ਸਮਝਦੇ ਜਾਂ ਉਸ ਅਸਲੇ ਨੂੰ ਪ੍ਰਵਾਨ ਨਹੀਂ ਕਰਨਾ ਚਾਹੁੰਦੇ, ਉਹ ਬਾਰ ਬਾਰ ਇਹ ਸਵਾਲ ਉਠਾਉਂਦੇ ਹਨ ਕਿ ਜੇ ਇਹ ਲਹਿਰ ਇਨਕਲਾਬੀ ਸੀ ਤਾਂ ਪੰਜਾਬ ਵਿਚ ਮੁੜ ਫ਼ੀਊਡਲ ਸਮਾਜ ਕਿਉਂ ਸਥਾਪਤ ਹੋ ਗਿਆ ?* ਅੰਤ ਵਿਚ ਕਿਉਂਕਿ ਫ਼ੀਊਡਲ ਨਿਜ਼ਾਮ ਹੀ ਸਥਾਪਤ ਹੋ ਗਿਆ, ਇਸ ਤੋਂ ਇਹ ਲੋਕ ਇਹ ਨਤੀਜਾ ਕਢ ਲੈਂਦੇ ਹਨ ਕਿ ਸਿਖ ਲਹਿਰ ਦਾ ਅਸਲਾ ਫ਼ੀਊਡਲ ਦੇ ਵਿਰੁਧ ਇਨਕਲਾਬੀ ਹੈ ਹੀ ਨਹੀਂ ਸੀ । ਇਨ੍ਹਾਂ ਸਭਨਾਂ ਦੇ ਸਵਾਲ ਦਾ ਮੂਲ ਕੀ ਹੈ ? ਮੂਲ ਇਹ ਹੈ ਕਿ ਸਿਖ ਇਨਕਲਾਬ — ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦਾ ਇਨਕਲਾਬ — ਫੇਲ੍ਹ ਕਿਉਂ ਹੋਇਆ ? ਸਿਖ ਲਹਿਰ ਕਿਉਂ ਜਮਾਤ-ਰਹਿਤ ਸਮਾਜ ਸਥਾਪਤ ਕਰਨ ਵਿਚ ਅਸਫ਼ਲ ਰਹੀ ? ਕਿਉਂ ਸਾਰੇ ਸਮਾਜ ਵਿਚ ਉਹ ਭਗਤਾਂ, ਗੁਰਮੁਖਾਂ ਦਾ ਵਾਸਾ ਨਾ ਕਰਵਾ ਸਕੀ ? ਅਤੇ ਤਸਕਰ ਕਿਉਂ ਸਮਾਜ ਵਿਚ ਵਸਦੇ ਰਹੇ ?

ਇਸ ਸਵਾਲ ਦਾ ਜਵਾਬ ਇਕ ਹਜ਼ਾਰ ਤਿੰਨ ਸੌ ਚੌਹੱਤਰਵੀਂ ਵਾਰ ਹਾਜ਼ਿਰ ਹੈ : ਉਸ ਵੇਲੇ ਸਮਾਜ ਦੇ ਪਦਾਰਥਕ ਹਾਲਾਤ, ਸਮਾਜ ਦੀ ਨੀਂਹ ਉਚੇਰੇ ਤੇ ਅਗਲੇਰੇ ਨਿਜ਼ਾਮ ਦੀ ਸਥਾਪਤੀ ਵਾਸਤੇ ਰਾਹ ਨਹੀਂ ਸੀ ਦੇਂਦੀ । ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਨਹੀਂ ਸੀ ਹੋਈ । ਰਾਹ ਹੀ ਸਿਰਫ਼ ਦੋ ਸਨ : ਜਾਂ ਤਾਂ ਇਨਕਲਾਬੀ ਉਸਾਰ ਨੀਂਹ ਨੂੰ ਆਪਣੇ ਅਨੁਸਾਰੀ ਬਣਾ ਲੈਂਦਾ, ਪਰ ਪੈਦਾਵਾਰ ਦੇ ਰੂਪ ਵਿਚ ਚੂੰਕਿ ਇਨਕਲਾਬੀ ਤਬਦੀਲੀ ਮੁਮਕਿਨ ਨਹੀਂ ਸੀ, ਸੁ ਸਮਾਜਕ ਵੇਗ ਨੇ ਦੂਸਰਾ ਰਾਹ ਲਿਆ । ਨੀਂਹ ਨੇ ਅੰਤ ਉਸਾਰ ਨੂੰ ਆਪਣੇ ਰਾਹੇ ਤੋਰ ਲਿਆ । ਇਸ ਦਸ਼ਾ ਵਿਚ, ਲਹਿਰ ਵਿਚ ਅੰਦਰੋਂ ਵਿਗਾੜ ਪੈਣਾ ਹੀ ਸੀ, ਸੁ ਪਿਆ ਅਤੇ ਫ਼ੀਊਡਲ ਨਿਜ਼ਾਮ ਤੇ ਉਸ ਦੀ ਸਟੇਟ ਫੇਰ ਸਥਾਪਤ ਹੋ ਗਏ ।

ਸਿਖ ਲਹਿਰ ਦੇ ਵਿਚ ਵਿਗਾੜ ਪੈਣ ਦੇ ਸਮੇਂ ਦੀ ਸਮਾਜਕ ਦਸ਼ਾ ਨਾਲੋਂ ਵੀਹਵੀਂ ਸਦੀ ਦੇ ਸਮਾਜ ਦੀ ਦਸ਼ਾ ਦਾ ਜ਼ਮੀਨ ਅਸਮਾਨ ਦਾ ਫ਼ਰਕ ਹੈ । ਅਜ ਸੰਸਾਰ ਸਟੇਜ ਉਤੇ ਪੈਦਾਵਾਰ

* "ਜੇ ਗੁਰੂ ਤੇਗ਼ ਬਹਾਦਰ ਜਾਗੀਰਦਾਰ-ਦੁਸ਼ਮਣ ਸਨ ਤਾਂ ਗੁਰੂ ਗੋਬਿੰਦ ਸਿੰਘ ਤੋਂ ਸਿਰਫ਼ 40 ਸਾਲ ਬਾਅਦ ਹੀ ਸਿਖ ਰਜਵਾੜਾਸ਼ਾਹੀ ਕਿਵੇਂ ਸਥਾਪਤ ਹੋ ਗਈ ? ਸਿਖ ਧਰਮ ਵਿਚ ਇਹ ਉਲਟਬਾਜ਼ੀ (turnabout) ਦੇ ਬਰਾਬਰ ਦਾ ਦੁਖਾਂਤ ਹੋਵੇਗਾ, ਪਰ ਇਸ ਦੁਖਾਂਤ ਦੀ ਕੋਈ ਸਮਕਾਲੀ ਗਵਾਹੀ ਕਿਉਂ ਨਹੀਂ ਹੈ ? ਦੂਜਰੇ ਜਾਗੀਰਦਾਰ-ਦੁਸ਼ਮਣ ਵਿਰਸੇ ਨੂੰ ਛੱਡਣ ਅਤੇ ਰਜਵਾੜਾਸ਼ਾਹੀ→

ਦੀਆਂ ਸ਼ਕਤੀਆਂ ਦੀ, ਸਾਇੰਸ ਤੇ ਟੈਕਨਾਲੋਜੀ ਦੀ ਲੋੜੀਂਦੀ ਉਸਾਰੀ ਹੋ ਚੁਕੀ ਹੈ। ਇਸ ਖੇਤਰ ਵਿਚ ਕੋਈ ਕਿਸੇ ਕਿਸਮ ਦੀ ਕਸਰ ਜਾਂ ਕਮੀ ਨਹੀਂ। ਉਸਾਰ ਵਿਚ ਸਮਾਜਕ ਚੇਤਨਾ ਮਜ਼ਬੀ ਤੋਂ ਸੰਸਾਰਕ, ਸਾਇੰਟਿਫ਼ਿਕ ਹੋ ਚੁਕੀ ਹੈ। ਮਾਰਕਸਵਾਦ ਜਨਮ ਲੈਕੇ, ਬਾਲਗ਼ ਹੋ ਕੇ ਸਿਆਸੀ ਤਾਕਤ ਬਣ ਚੁਕਾ ਹੈ। ਸਮਾਜਵਾਦੀ ਇਨਕਲਾਬ ਵੀ ਲਿਆ ਚੁਕਾ ਹੈ। ਰੂਸ ਵਿਚ ਸਮਾਜਵਾਦੀ ਇਨਕਲਾਬ ਆਇਆ। ਪਰ ਇਨਕਲਾਬ ਦੇ ਆਉਣ ਦੇ ਪੰਜਾਹ ਸਾਲ ਦੇ ਅੰਦਰ ਅੰਦਰ ਹੀ ਉਥੇ ਸਟੇਟ ਬੁਰਜਵਾਜ਼ੀ ਜੰਮ ਕੇ ਸਥਾਪਤ ਹੋ ਚੁਕੀ ਹੈ। ਹਾਂਸ ਸਾਹਿਬ ਦੇ ਸਿਖ ਲਹਿਰ ਬਾਬਤ ਕੀਤੇ ਸਵਾਲ ਤੇ ਉਨ੍ਹਾਂ ਦੀ ਦਿਤੀ ਦਲੀਲ ਨੂੰ ਅਸੀਂ ਰੂਸੀ ਸਥਿਤੀ ਵਿਚ, ਰੂਸੀ ਪ੍ਰਸੰਗ ਵਿਚ ਰਖ ਕੇ ਉਨ੍ਹਾਂ ਕੋਲੋਂ ਹੀ ਪੁਛਦੇ ਹਾਂ ਕਿ ਜੇ ਰੂਸੀ ਇਨਕਲਾਬ ਸਮਾਜਵਾਦੀ ਇਨਕਲਾਬ ਸੀ ਤਾਂ ਉਸ ਇਨਕਲਾਬ ਦੇ ਮਗਰੋਂ ਪੰਜਾਹ ਸਾਲਾਂ ਦੇ ਅੰਦਰ ਅੰਦਰ ਹੀ ਉਥੇ ਸਟੇਟ ਬੁਰਜਵਾਜ਼ੀ ਕਿਵੇਂ ਸਥਾਪਤ ਹੋ ਗਈ?

ਸਿਖ ਲਹਿਰ ਬਾਬਤ ਆਪਣੇ ਕੀਤੇ ਸਵਾਲ ਰਾਹੀਂ ਹਾਂਸ ਸਾਹਿਬ ਨੇ ਜੋ ਨਤੀਜਾ ਸੁਝਾਇਆ ਹੈ ਉਹ ਹੀ ਸੁਝਾਅ ਦੂਸਰੇ ਸਵਾਲ ਦੀ ਸ਼ਕਲ ਵਿਚ ਅਸੀਂ ਰੂਸ ਬਾਬਤ ਉਨ੍ਹਾਂ ਕੋਲੋਂ ਪੁਛਦੇ ਹਾਂ: ਕੀ ਇਨਕਲਾਬ ਦੇ ਮਗਰੋਂ ਪੰਜਾਹ ਸਾਲ ਦੇ ਅੰਦਰ ਅੰਦਰ ਰੂਸ ਵਿਚ ਸਟੇਟ ਬੁਰਜਵਾਜ਼ੀ ਦੇ ਸਥਾਪਤ ਹੋਣ ਤੋਂ ਸਿਰਫ਼ ਇਹ ਹੀ ਨਤੀਜਾ ਕਢਿਆ ਜਾ ਸਕਦਾ ਹੈ ਕਿ ਲੈਨਿਨ ਤੇ ਉਸ ਵੇਲੇ ਦੀ ਰੂਸੀ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ ਉਸ ਵੇਲੇ ਦੀ ਰੂਸੀ ਪਰੋਲਤਾਰੀ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਇਨਕਲਾਬ ਹੈ ਹੀ ਨਹੀਂ ਸੀ, ਸਿਰਫ਼ ਬੁਰਜਵਾ ਇਨਕਲਾਬ ਸੀ? ਕਿਉਂਕਿ ਇਸ ਇਨਕਲਾਬ ਦੇ ਪੰਜਾਹ ਸਾਲਾਂ ਦੇ ਅੰਦਰ ਅੰਦਰ ਉਥੇ ਸਟੇਟ ਬੁਰਜਵਾਜ਼ੀ ਕਾਬਜ਼ ਹੈ, ਕੀ ਰੂਸ ਵਿਚ ਇਸ ਉਲਟ ਬਾਜ਼ੀ, ਉਲਟ ਇਨਕਲਾਬ ਤੋਂ ਸਿਰਫ਼ ਇਹ ਹੀ ਨਤੀਜਾ ਕਢਿਆ ਜਾ ਸਕਦਾ ਹੈ ਕਿ ਲੈਨਿਨ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਹੈ ਹੀ ਨਹੀਂ ਸੀ? ਕੀ ਇਸ ਉਲਟ-ਇਨਕਲਾਬ ਦੇ ਹੋਰ ਕੋਈ ਕਾਰਨ ਬਿਲਕੁਲ ਨਹੀਂ ਹੋ ਸਕਦੇ? ਕੀ ਇਸ ਉਲਟ-ਇਨਕਲਾਬ ਤੋਂ ਇਸ ਸਿੱਟੇ 'ਤੇ ਪਹੁੰਚ ਜਾਣਾ ਕਿ ਲੈਨਿਨ ਦਾ ਲਿਆਂਦਾ ਇਨਕਲਾਬ ਸਮਾਜਵਾਦੀ ਹੈ ਹੀ ਨਹੀਂ ਸੀ, ਸਹੀ ਹੈ?

ਵੀਹਵੀਂ ਸਦੀ ਵਿਚ ਜਦੋਂ ਕਿ ਸੰਸਾਰ ਸਟੇਜ ਉਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਚੁਕੀ ਹੈ ਜੇ ਸਮਾਜਵਾਦੀ ਇਨਕਲਾਬ ਉਲਟ-ਇਨਕਲਾਬ ਵਿਚ ਬਦਲ ਸਕਦਾ ਹੈ ਤਾਂ ਕੀ ਸਿਖ ਲਹਿਰ ਦੇ ਸਮੇਂ ਵਿਚ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ

---

ਰੁਚੀਆਂ ਅਪਣਾਉਣ ਨਾਲ 18-ਵੀਂ ਸਦੀ ਵਿਚ ਸਿੱਖ ਧਰਮ ਪ੍ਰਤੀ ਲੋਕ-ਹਮਾਇਤ ਘਟਣੀ ਚਾਹੀਦੀ ਹੈ। ਪਰ ਇਤਿਹਾਸਿਕ ਯਥਾਰਥ ਇਹ ਹੈ ਕਿ ਸਿਖੀ ਵਿਚ ਵਾਧਾ ਹੁੰਦਾ ਰਿਹਾ।" ਸੁਰਜੀਤ ਹਾਂਸ, ਸਤੰਬਰ ਅੰਕ, ਸਫ਼ਾ 60।

"ਮਾਇਆ-ਵਿਰੋਧੀ ਸਿੱਖ ਇਤਿਹਾਸ ਦੀ ਸਮਾਜਵਾਦੀ ਪ੍ਰਾਪਤੀ (ਜਾਂ ਬਰਾਬਰੀ ਦੇ ਵਿਕਲਪ ਨੂੰ ਪ੍ਰਵਾਨ ਚੜ੍ਹਾਉਣ ਦੀ ਕੋਸ਼ਿਸ਼) ਜਾਂ ਤਾਂ ਰਣਜੀਤ ਸਿੰਘ ਦੀ ਰਜਵਾੜਾਸ਼ਾਹੀ ਸੀ ਜਾਂ ਫਿਰ ਸਿੰਘ ਸਭਾ ਲਹਿਰ ਦੀ ਅੰਗ੍ਰੇਜ਼-ਪ੍ਰਤੀ। ਸ: ਕਿਸ਼ਨ ਸਿੰਘ ਨੂੰ ਆਪਣੀ ਵਿਆਖਿਆ 'ਤੇ ਕਾਇਮ ਰਹਿਣ ਲਈ ਮਾਇਆ-ਵਿਰੋਧੀ ਸਿਖ-ਇਤਿਹਾਸ ਦੀ ਪੁੱਠੀ-ਛਾਲ ਦੀ ਸਮੱਸਿਆ ਨੂੰ ਸੁਲਝਾਉਣਾ ਪਵੇਗਾ।" ਸੁਰਜੀਤ ਹਾਂਸ, ਅਕਤੂਬਰ ਅੰਕ, ਸਫ਼ਾ 46.



ਨਾ ਹੋਈ ਹੋਣ ਕਰਕੇ ਇਨਕਲਾਬੀ ਲਹਿਰ ਵਿਚ ਅੰਦਰੋਂ ਵਿਗਾੜ ਪੈਣਾ ਮੁਮਕਿਨ ਨਹੀਂ ਸੀ? ਕੀ ਹਾਂਸ ਸਾਹਿਬ ਦਾ ਮਤਲਬ ਹੈ ਕਿ ਕਿਸਾਨ ਆਦਿ ਫ਼ੀਊਡਲ ਦੇ ਵਿਰੁਧ ਇਨਕਲਾਬੀ ਤੌਰ 'ਤੇ ਦੁਨੀਆਂ ਦੇ ਇਤਿਹਾਸ ਵਿਚ ਕਦੀ ਉਠੇ ਹੀ ਨਹੀਂ? ਉਠ ਸਕਦੇ ਹੀ ਨਹੀਂ ਸੀ? ਅਤੇ ਉਠ ਕੇ ਆਪਣੇ ਨਿਸ਼ਾਨੇ ਵਿਚ ਫੇਲ੍ਹ ਹੋਏ ਹੀ ਨਹੀਂ? "Peasant war in Germany" ਵਿਚ, ਜਿਸ ਦਾ ਹਵਾਲਾ ਮੈਂ ਬਾਰ ਬਾਰ ਦੇ ਚੁਕਾ ਹਾਂ, ਏਂਗਲਜ਼ ਨੇ ਐਵੇਂ ਮੂੰਹ ਦੀ ਹੀ ਵਾਹ ਦਿਤੀ ਹੋਈ ਹੈ ਕਿ ਮਧਕਾਲ ਵਿਚ ਫ਼ੀਊਡਲ ਦੇ ਵਿਰੁਧ ਇਨਕਲਾਬੀ ਵਿਰੋਧ ਸਦਾ ਜਾਗਰਿਤ ਰਿਹਾ ਹੈ ਅਤੇ ਉਸ ਦੀ ਚੇਤਨਤਾ ਦਾ ਰੂਪ ਮਜ਼ਬੀ ਸੀ। ਕੀ ਅਰਫਾਨ ਹਬੀਬ ਤੇ ਰੂਸੀਆਂ ਦੀ ਸਿਖ ਲਹਿਰ ਬਾਬਤ ਕੀਤੀ ਫਾਰਮੂਲੇਸ਼ਨ ਬਿਲਕੁਲ ਬੇਬੁਨਿਆਦ ਹੈ?

ਤੀਸਰਾ ਸਵਾਲ ਵੀ ਅਸੀਂ ਹਾਂਸ ਸਾਹਿਬ ਦਾ ਕੀਤਾ ਹੋਇਆ ਹੀ ਕਰਦੇ ਹਾਂ। ਉਹ ਲਿਖਦੇ ਹਨ: "ਸਿਖ ਧਰਮ ਵਿਚ ਇਹ ਉਲਟ ਬਾਜ਼ੀ (turn about) ਦੇ ਬਰਾਬਰ ਦਾ ਦੁਖਾਂਤ ਹੋਵੇਗਾ, ਪਰ ਇਸ ਦੁਖਾਂਤ ਦੀ ਕੋਈ ਸਮਕਾਲੀ ਗਵਾਹੀ ਕਿਉਂ ਨਹੀਂ ਹੈ?" ਅਸੀਂ ਪੁਛਦੇ ਹਾਂ ਰੂਸ ਦੇ ਉਲਟ-ਇਨਕਲਾਬ ਦੇ ਸ਼ੁਰੂ ਹੋਣ ਦੀ ਸਮਕਾਲੀ ਗਵਾਹੀ ਕਿਉਂ ਨਹੀਂ? ਸਿੱਧੇ ਲਫ਼ਜ਼ਾਂ ਵਿਚ, ਸੰਸਾਰ ਭਰ ਦੀ ਸਾਰੀ ਮਾਰਕਸਵਾਦੀ ਲਹਿਰ ਨੂੰ ਚਾਲ੍ਹੀ ਪੰਜਾਹ ਸਾਲ ਇਹ ਸਮਝ ਕਿਉਂ ਨਾ ਆਈ ਕਿ ਰੂਸ ਉਲਟ-ਇਨਕਲਾਬ ਦੇ ਰਾਹੇ ਪੈ ਗਿਆ ਹੈ? ਸੰਸਾਰ ਦੀ ਸਾਰੀ ਮਾਰਕਸਵਾਦੀ ਲਹਿਰ ਨੂੰ ਇਸ ਗੱਲ ਦਾ ਚਾਨਣਾ ਹੋਣ ਨੂੰ ਪੰਜਾਹ ਸਾਲ ਤੋਂ ਉਪਰ ਕਿਉਂ ਲੱਗੇ ਜਦੋਂ ਕਿ ਮਾਰਕਸਵਾਦੀ ਨਜ਼ਰੀਆ ਉਨ੍ਹਾਂ ਕੋਲ ਸੀ? ਜ਼ਾਹਿਰ ਹੈ ਕਿ ਸਿਖ ਲਹਿਰ ਵਿਚ ਅੰਤ ਵਿਗਾੜ ਪੈਣ ਤੋਂ, ਜਾਂ ਵਿਗਾੜ ਪੈ ਰਹੇ ਸਮੇਂ ਦੀ ਸਮਕਾਲੀ ਗਵਾਹੀ ਦੇ ਨਾ ਹੋਣ ਤੋਂ ਇਹ ਨਤੀਜਾ ਕਢਣਾ ਗਲਤ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਇਨਕਲਾਬੀ ਹੈ ਹੀ ਨਹੀਂ ਸੀ।

ਅਸੀਂ ਹੋਰਥੇ ਜ਼ਿਕਰ ਕਰ ਚੁਕੇ ਹਾਂ ਕਿ ਗੁਰੂ ਨਾਨਕ ਸਾਹਿਬ ਦੇ ਤੁਰ ਜਾਣ ਤੋਂ ਲਗ ਕੇ ਗੁਰੂ ਘਰ ਦੇ ਵਿਚੋਂ ਹੀ ਗੁਰਬਾਣੀ ਦੇ ਮੂਲ ਨੂੰ, ਸਿਖ ਲਹਿਰ ਨੂੰ ਕੁਰਾਹੇ ਪਾਉਣ ਦੀ ਲਗਾਤਾਰ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਂਦੀ ਰਹੀ। ਇਹ ਗੁਰਗੱਦੀ 'ਤੇ ਬੈਠਦੇ ਆਉਂਦੇ ਗੁਰੂ ਸਾਹਿਬਾਨ ਦੀ ਵਡਿਆਈ ਹੈ ਕਿ ਉਨ੍ਹਾਂ ਇਸ ਦਾ ਡੱਟ ਕੇ ਮੁਕਾਬਲਾ ਕੀਤਾ ਤੇ ਇਸ ਵਿਚਾਰਧਾਰਕ ਜਦੋ-ਜਹਿਦ ਵਿਚ ਉਹ ਕਾਮਯਾਬ ਹੁੰਦੇ ਆਏ। ਕੌਣ ਇਸ ਗੱਲ ਤੋਂ ਅਣਭੋਲ ਹੈ ਕਿ ਮਾਰਕਸਵਾਦ ਦੇ ਤਕਰੀਬਨ ਜਨਮ ਤੋਂ ਹੀ ਇਸ ਵਿਚ ਖੋਟ ਪਾਉਣ ਦੀ, ਇਸ ਨੂੰ ਅੰਦਰੋਂ ਬੁਰਜਵਾਜ਼ੀ ਦੇ ਹਿਤੀ ਕਰਨ ਦੀ ਲਗਾਤਾਰ ਕੋਸ਼ਿਸ਼ ਹੁੰਦੀ ਆਈ ਹੈ ਅਤੇ ਹੋ ਰਹੀ ਹੈ ਅਤੇ ਬਹੁਤ ਮਜ਼ਦੂਰ ਪਾਰਟੀਆਂ ਅਤੇ ਬੇਅੰਤ ਪਰੋਲਤਾਰੀ ਇਸ ਖੋਟ ਦੇ ਢਹੇ ਚੜ੍ਹਦੇ ਆਏ ਹਨ ਅਤੇ ਚੜ੍ਹੇ ਹੋਏ ਹਨ? ਏਂਗਲਜ਼ ਨੇ ਕਿਸੇ ਗੱਲ ਨੂੰ ਹੀ ਆਖਿਆ ਸੀ ਕਿ ਆਰਥਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੇ ਨਾਲ, ਇਨ੍ਹਾਂ ਜਿੰਨੀ ਹੀ ਲਾਜ਼ਮੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੁੰਦੀ ਹੈ।

ਇਨਕਲਾਬ ਦੇ ਮਗਰੋਂ ਵੀ ਕਲਚਰਲ ਇਨਕਲਾਬ ਦੀ ਲੋੜ ਦਾ ਅਰਥ ਕੀ ਹੈ? ਉਹ ਕਾਹਦੇ ਵਾਸਤੇ ਹੈ? ਕਿਸ ਮਾਰਕਸਵਾਦੀ ਪਾਰਟੀ ਨੂੰ ਇਹ ਡਰ ਨਹੀਂ ਹੁੰਦਾ ਕਿ ਉਸ ਦੇ ਨਜ਼ਰੀਏ ਵਿਚ ਖੋਟ ਨਾ ਪੈ ਜਾਵੇ ਅਤੇ ਉਸ ਦੀ ਤੋਰ ਕੁਰਾਹੇ ਨਾ ਪੈ ਜਾਵੇ? ਕਿਹੜੀ ਪਾਰਟੀ ਹੈ ਜਿਸ ਨੂੰ ਸਿੱਧੇ ਰਾਹ ਜਾਂਦੀ ਨੂੰ ਸਮਾਜ ਵਿਚ ਤਾਂ ਕੀ, ਆਪਣੇ ਅੰਦਰ ਲਗਾਤਾਰ ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਹੀਂ ਕਰਨੀ ਪੈਂਦੀ? ਮਾਰਕਸਵਾਦ ਵਿਚ ਇਕਾਨੋਮਿਜ਼ਮ ਦਾ ਸਾਰਾ ਮਸਲਾ ਹੈ

ਕੀ ? ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮਖ਼ਿਆਲਾਂ ਦੀਆਂ ਅੱਖਾਂ ਦੇ ਸਾਹਮਣੇ ਵੀਹਵੀਂ ਸਦੀ ਵਿਚ, ਲਿਆਂਦਾ ਹੋਇਆ ਸਮਾਜਵਾਦੀ ਇਨਕਲਾਬ ਉਲਟ-ਇਨਕਲਾਬ ਹੋ ਗਿਆ। ਇਸ ਤੋਂ ਉਨ੍ਹਾਂ ਨੂੰ ਸਮਝ ਨਹੀਂ ਆਈ ਕਿ ਲੋਕ-ਹਿਤੀ ਲਹਿਰਾਂ ਤੇ ਬਗ਼ਾਵਤਾਂ ਵਿਚ, ਲਿਆਂਦੇ ਇਨਕਲਾਬਾਂ ਵਿਚ ਖੋਟ ਪਾਇਆ ਜਾ ਸਕਦਾ ਹੈ, ਉਨ੍ਹਾਂ ਦਾ ਇਨਕਲਾਬੀ ਅਸਲਾ ਨਸ਼ਟ ਕੀਤਾ ਜਾ ਸਕਦਾ ਹੈ ਅਤੇ ਨਸ਼ਟ ਹੁੰਦਾ ਆਇਆ ਹੈ। ਰੂਸ ਤੇ ਉਸ ਦੇ ਪਿਛਲੱਗ ਮੁਲਕਾਂ ਵਿਚ, ਜਿਨ੍ਹਾਂ ਵਿਚ ਸਮਾਜਵਾਦੀ ਇਨਕਲਾਬ ਆ ਚੁਕੇ ਹਨ, ਉਨ੍ਹਾਂ ਬਾਬਤ ਵੀ ਕੌਣ ਹਿੱਕ 'ਤੇ ਹੱਥ ਮਾਰ ਕੇ ਕਹਿ ਸਕਦਾ ਹੈ ਕਿ ਉਥੇ ਜ਼ਰੂਰ ਸਮਾਜਵਾਦ ਹੀ ਕਾਮਯਾਬ ਹੋਵੇਗਾ ਤੇ ਮੁੜ ਸਰਮਾਇਦਾਰੀ ਬਹਾਲ ਹੋ ਹੀ ਨਹੀਂ ਸਕਦੀ ? ਵਧ ਤੋਂ ਵਧ ਇਹ ਹੀ ਕਿਹਾ ਜਾ ਸਕਦਾ ਹੈ ਕਿ ਉਥੇ ਵਿਚਾਰਧਾਰਕ, ਆਰਥਕ, ਸਿਆਸੀ ਜਮਾਤੀ ਜਦੋ-ਜਹਿਦ ਸਿਰਤੋੜ ਚਲ ਰਹੀ ਹੈ। ਜਿਹੜੀ ਧਿਰ ਵਧੇਗੀ ਉਹ ਪਾਏਗੀ। ਹਾਂਸ ਸਾਹਿਬ ਤੇ ਉਹਨਾਂ ਦੇ ਹਮ-ਖ਼ਿਆਲ ਸਾਰੀ ਦੁਨੀਆਂ ਦੇ ਅਜ ਤਕ ਦੇ ਇਤਿਹਾਸ ਵਿਚੋਂ ਇਕ ਮਿਸਾਲ ਹੀ ਦੱਸਣ ਜਿਸ ਲੋਕ-ਹਿਤੀ ਵਿਚਾਰਧਾਰਾ ਤੇ ਲੋਕ-ਹਿਤੀ ਲਹਿਰ ਵਿਚ ਵਿਗਾੜ ਪਾਕੇ ਉਸ ਦੇ ਇਨਕਲਾਬੀ ਅਸਲੇ ਨੂੰ ਨਸ਼ਟ ਨਹੀਂ ਕੀਤਾ ਗਿਆ। ਉਸ ਨੂੰ ਖੱਸੀ ਕਰਕੇ ਸੀਲ ਨਹੀਂ ਬਣਾ ਲਿਆ ਗਿਆ। ਜਦੋਂ ਕਿਸੇ ਮੁਲਕ ਵਿਚ ਸਮਾਜਵਾਦ ਕਾਮਯਾਬ ਹੋ ਜਾਵੇਗਾ, ਕਮਿਊਨਿਸਟ ਸਮਾਜ ਆਪਣੇ ਪੈਰਾਂ ਸਿਰ ਖੜੋ ਜਾਵੇਗਾ ਸਿਰਫ਼ ਉਦੋਂ ਹੀ ਕਿਹਾ ਜਾ ਸਕੇਗਾ ਕਿ ਉਸ ਲਹਿਰ ਤੇ ਉਸ ਦੀ ਵਿਚਾਰਧਾਰਾ ਨੇ ਆਪਣੇ ਵਿਚ ਖੋਟ ਤੇ ਰਲਾ ਨਹੀਂ ਪੈਣ ਦਿਤਾ।

ਜੇ ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮ-ਖ਼ਿਆਲਾਂ ਇਸਲਾਮ ਜਾਂ ਈਸਾਈ ਮੱਤ ਦਾ ਇਤਿਹਾਸ ਹੀ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਹਾਕਮ ਜਮਾਤਾਂ ਦੇ ਵਿਰੋਧੀ ਮਜ਼੍ਹਬ ਸਮੇਂ ਨਾਲ, ਸਮਾਜ ਦੀ ਸਥਿੱਤੀ ਦੇ ਬਦਲਣ ਨਾਲ, ਹਾਕਮ ਜਮਾਤਾਂ ਦੇ ਢਹੇ ਚੜ੍ਹਦੇ ਆਏ ਹਨ। ਆਪਣਾ ਆਦੀ, ਇਨਕਲਾਬੀ ਅਸਲਾ ਗੁਆ ਕੇ ਹਾਕਮ ਜਮਾਤਾਂ ਦਾ ਵਿਚਾਰਧਾਰਕ ਅਡੰਬਰ ਬਣਦੇ ਆਏ ਹਨ। ਇਸਲਾਮ ਅਰਬ ਦੇ ਡੰਗਰਪਾਲ pastoral ਸੈਮਿਟਿਕ ਕੁਨਬਿਆਂ ਦੀ ਚੜ੍ਹਤ ਦੀ ਆਵਾਜ਼ ਬਣ ਕੇ ਅੱਗ ਦੇ ਭੰਮਾਕੇ ਵਾਂਗ ਉਠਿਆ ਅਤੇ ਆਲੇ ਦੁਆਲੇ ਦੀਆਂ ਸਲਤਨਤਾਂ ਵਿਚ ਉਥੋਂ ਦੀਆਂ ਲੁਟੀਂਦੀਆਂ ਜਮਾਤਾਂ ਦੀ ਬੰਦ-ਖਲਾਸੀ ਦੀ ਉਮੀਦ ਬਣ ਕੇ ਉਥੇ ਪਹੁੰਚਿਆ। ਉਨ੍ਹਾਂ ਸਲਤਨਤਾਂ ਦੀਆਂ ਸਟੇਟਾਂ ਤੇ ਹਾਕਮ ਜਮਾਤਾਂ ਇਸ ਦੇ ਹੜ੍ਹ ਅੱਗੇ ਕੱਖਾਂ ਦਿਆਂ ਘੋੜਿਆਂ ਵਾਂਗ ਡਿਗੀਆਂ। ਪਰ ਮਗਰੋਂ ਇਸਲਾਮ ਫੀਊਡਲ ਨਿਜ਼ਾਮ ਦੀਆਂ ਸਲਤਨਤਾਂ ਦਾ ਵਿਚਾਰਧਾਰਕ ਅਡੰਬਰ ਹੋ ਤੁਰਿਆ ਅਤੇ ਕਾਜ਼ੀ ਫ਼ੀਊਡਲ ਦੇ ਹਿੱਤਾਂ ਦਾ ਮਜ਼੍ਹਬੀ ਬੁਲਾਰਾ ਬਣਿਆ। ਜੇ ਇਸਲਾਮ ਦੀ ਇਸ ਜਮਾਤੀ ਕਾਇਆਂ-ਪਲਟੀ ਬਾਬਤ ਮੈਨੂੰ ਕੋਈ ਕਿਸੇ ਸਮਕਾਲੀ ਇਤਿਹਾਸਕਾਰ ਦੀ ਗਵਾਹੀ ਦੀ ਦਸ ਪਾਵੇ ਤਾਂ ਮੈਂ ਉਸ ਦਾ ਸ਼ੁਕਰ-ਗੁਜ਼ਾਰ ਹੋਵਾਂਗਾ। ਹਾਂ ਸੂਫ਼ੀਆਂ ਦੀਆਂ ਮਜ਼੍ਹਬੀ ਮੁਹਾਵਰੇ ਵਿਚ ਬੇਅੰਤ ਗਵਾਹੀਆਂ ਹਨ ਕਿ ਸਰਕਾਰੀ ਇਸਲਾਮ, ਸਲਤਨਤੀ ਇਸਲਾਮ ਕੁਰਾਨ ਦਾ ਅਸਲਾ ਛੱਡ ਗਿਆ ਹੈ। ਕਾਜ਼ੀ ਦੇ ਵਿਰੋਧੀ ਵਾਰਿਸ ਸ਼ਾਹ ਵਰਗੇ ਇਹ ਦਾਹਵਾ ਕਰਦੇ ਹਨ, "ਇਹ ਮਾਅਨੇ ਸਭ ਕੁਰਾਨ ਦੇ ਨੀ, ਜਿਹੜੇ ਸ਼ਿਅਰ ਮੀਂਏ ਵਾਰਿਸ ਸ਼ਾਹ ਦੇ ਨੀ।"

ਈਸਾਈ ਮੱਤ ਰੋਮ ਦੀ ਸਲਤਨਤ ਦੀਆਂ ਲੁਟੀਂਦੀਆਂ ਜਮਾਤਾਂ — ਗ਼ੁਲਾਮਾਂ ਤੇ ਲੰਮਪਨ ਪਰੋਲਤਾਰੀ ਦੀਆਂ ਸਧਰਾਂ ਨੂੰ, ਉਨ੍ਹਾਂ ਦੇ ਰੋਸ ਨੂੰ ਮੂਰਤੀਮਾਨ ਕਰਦਾ ਉਠਿਆ। ਕੌਡਵੈਲ ਦੇ ਅਨੁਸਾਰ ਉਠਦੇ ਵੇਲੇ ਇਹ ਇਨਕਲਾਬ ਦਾ ਮਜ਼੍ਹਬ ਸੀ (It is a religion of revolution.



page 54 Further Studies in Dying Culture) ਪਰ ਰੋਮਨ ਸ਼ਹਿਨਸ਼ਾਹ ਕੋਨਸਟੈਨਟੀਨ ਤਕ ਇਸ ਦੀ ਜਮਾਤੀ ਕਾਇਆਂ-ਪਲਟੀ ਹੋ ਚੁਕੀ ਸੀ ਅਤੇ ਗੁਲਾਮਾਂ ਦਾ ਹਿੱਤ ਤਿਆਗ ਕੇ ਗ਼ੁਲਾਮਦਾਰੀ ਸਟੇਟ ਦਾ ਵਿਚਾਰਧਾਰਕ ਅਡੰਬਰ ਤੇ ਰਾਖਾ ਬਣ ਚੁਕਾ ਸੀ। ਈਸਾਈ ਮੱਤ ਦੀ ਇਸ ਤੋਂ ਅਗਲੀ ਜਮਾਤੀ ਕਾਇਆਂ-ਪਲਟੀ ਤਾਂ ਕਿਸੇ ਕੋਲੋਂ ਭੁਲੀ ਹੋਈ ਹੈ ਹੀ ਨਹੀਂ। ਜਦੋਂ ਯੂਰਪੀ ਸਮਾਜ ਗੁਲਾਮਦਾਰੀ ਵਿਚੋਂ ਨਿਕਲ ਕੇ ਫੀਊਡਲ ਬਣਿਆ ਤਾਂ ਚਰਚ ਜ਼ਰ ਤੇ ਜ਼ਮੀਨਾਂ ਦਾ ਵਿਸ਼ਾਲ ਪੈਮਾਨੇ ਉਤੇ ਮਾਲਕ ਬਣ ਕੇ ਫੀਊਡਲ ਦੇ ਵਿਚਾਰਧਾਰਕ ਅਡੰਬਰ ਤੋਂ ਇਲਾਵਾ ਸਮਾਜ ਵਿਚ ਵੱਡਾ ਫੀਊਡਲ ਆਪ ਬਣ ਬੈਠਾ। ਫੀਊਡਲ ਨਿਜ਼ਾਮ ਨੂੰ ਖੋਹ ਕੇ ਜਦੋਂ ਉਥੇ ਸਰਮਾਇਦਾਰੀ ਨੇ ਆਪਣੇ ਪੈਰ ਪੱਕੇ ਕੀਤੇ ਤਾਂ ਇਹ ਉਸ ਦਾ ਵਿਚਾਰਧਾਰਕ ਅਡੰਬਰ ਤੇ ਰਾਖਾ ਬਣ ਵਗਿਆ। ਜਦੋਂ ਸਰਮਾਇਦਾਰੀ ਨੂੰ ਆਪਣੇ ਮੁਲਕਾਂ ਤੋਂ ਬਾਹਰ ਮੰਡੀਆਂ ਤੇ ਕੱਚੇ ਮਾਲ ਲਈ ਨੌਆਬਾਦੀਆਂ ਦੀ ਲੋੜ ਪਈ ਤੇ ਉਹ ਸਾਮਰਾਜ ਬਣ ਕੇ ਸਨਅਤੀ ਤੌਰ 'ਤੇ ਪਛੜੀ ਹੋਈ ਦੁਨੀਆਂ 'ਤੇ ਆਪਣਾ ਤਹਿਤ ਜਮਾਉਣ ਦੇ ਰਾਹੇ ਪਈ ਤਾਂ ਈਸਾਈ ਮੱਤ ਨੇ ਉਸ ਦਾ ਏਜੰਟ ਬਣ ਕੇ ਉਸ ਦੀ ਦਲਾਲੀ ਕੀਤੀ। ਉਸ ਦੇ ਤਹਿਤ ਵਾਸਤੇ ਇਸ ਨੇ ਰਸਤਾ ਸਾਫ਼ ਕੀਤਾ।

ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮ-ਖ਼ਿਆਲਾਂ ਦੀ ਖ਼ਾਸ ਨਜ਼ਰ ਅਸੀਂ ਇਹ ਤੱਥ ਕਰਨਾ ਚਾਹੁੰਦੇ ਹਾਂ। ਈਸਾਈ ਮੱਤ ਦਾ ਦੁਨੀਆਂ ਉਤੇ ਫ਼ੈਲਾਓ ਸਭ ਨਾਲੋਂ ਜ਼ਿਆਦਾ ਕਦੋਂ ਹੋਇਆ ? ਜਦੋਂ ਉਹ ਮਹਿਕੂਮਾਂ ਦਾ ਇਨਕਲਾਬੀ ਮਜ਼੍ਹਬ ਸੀ ਜਾਂ ਉਦੋਂ ਜਦੋਂ ਉਹ ਮਹਿਕੂਮਾਂ ਦੇ ਪੈਂਤੜੇ ਨੂੰ ਤਿਆਗ ਕੇ ਹਾਕਮ ਜਮਾਤਾਂ ਦੇ ਪੈਂਤੜੇ 'ਤੇ ਆਣਕੇ ਉਨ੍ਹਾਂ ਦਾ ਹਿਤੀ ਹੋ ਬੈਠਾ ? ਆਦੀ ਈਸਾਈਆਂ — ਈਸਾ ਮਸੀਹ ਦੇ ਈਸਾਈਆਂ ਅਤੇ ਅਜ ਦੇ ਅਖੌਤੀ ਈਸਾਈਆਂ — ਮੁਨਾਫ਼ਾਖ਼ੋਰ ਈਸਾਈਆਂ, ਸਾਮਰਾਜੀ ਈਸਾਈਆਂ ਦੇ ਦਰਮਿਆਨ ਜਮਾਤੀ ਅਸਲੇ ਦਾ ਕੋਈ ਫ਼ਰਕ ਜਾਂ ਵਿਰੋਧ ਹੈ ਕਿ ਨਹੀਂ ?

ਹਾਂਸ ਸਾਹਿਬ ਤੇ ਉਨ੍ਹਾਂ ਦੇ ਹਮ-ਖ਼ਿਆਲਾਂ ਨੂੰ ਇਨ੍ਹਾਂ ਦਿਤੇ ਤੱਥਾਂ ਤੋਂ ਦੋ ਗੱਲਾਂ ਸਪੱਸ਼ਟ ਹੋ ਜਾਣੀਆਂ ਚਾਹੀਦੀਆਂ ਹਨ। ਪਹਿਲੀ ਇਹ ਕਿ ਸਨਅਤੀ ਇਨਕਲਾਬ ਤੋਂ ਪਹਿਲਾਂ, ਮਾਰਕਸ-ਵਾਦ ਦੇ ਜਨਮ ਤੋਂ ਬਹੁਤ ਚਿਰ ਪਹਿਲਾਂ ਵੀ, ਗੱਲ ਕੀ ਜਮਾਤੀ ਸਮਾਜ ਦੇ ਰਾਇਜ ਹੋਣ ਦੇ ਸਮੇਂ ਤੋਂ ਹੀ ਦਬੀਆਂ ਹੋਈਆਂ ਜਮਾਤਾਂ — ਗੁਲਾਮ ਕਿਸਾਨ, ਕਾਮੇ ਆਦਿ — ਲੋਕ ਹਿੱਤੀ ਪੈਂਤੜੇ ਤੋਂ ਆਪਣੀ ਆਜ਼ਾਦੀ ਵਾਸਤੇ ਹਾਕਮ ਜਮਾਤਾਂ ਦੇ ਵਿਰੁਧ ਇਨਕਲਾਬੀ ਤੌਰ 'ਤੇ ਉਠਦੇ ਆਏ ਹਨ, ਅਤੇ ਪਹਿਲੇ ਦੌਰਾਂ ਵਿਚ ਬਹੁਤ ਵੇਰ ਉਹ ਆਪਣਾ ਇਨਕਲਾਬੀ ਹਿੱਤ ਇਨਕਲਾਬੀ ਮਜ਼੍ਹਬਾਂ ਰਾਹੀਂ ਹੀ ਪ੍ਰਗਟ ਕਰਦੇ ਆਏ ਹਨ। ਦੂਸਰੇ ਇਹ ਕਿ ਉਨ੍ਹਾਂ ਇਤਿਹਾਸਕ ਦੌਰਾਂ ਵਿਚ ਚੂੰਕਿ ਪਦਾਰਥਕ ਹਾਲਾਤ ਜਮਾਤ-ਰਹਿਤ ਸਮਾਜ ਦੀ ਸਥਾਪਤੀ ਵਾਸਤੇ ਰਾਹ ਨਹੀਂ ਸਨ ਦੇਂਦੇ (ਸਾਇੰਸ ਤੇ ਸਨਅਤੀ ਇਨਕਲਾਬ ਤੋਂ ਪਹਿਲਾਂ ਰਾਹ ਦੇਣੋਂ ਅਸਮਰਥ ਸਨ) ਇਸ ਵਾਸਤੇ ਜਿਹੜੀ ਵਿਚਾਰਧਾਰਾ ਜਾਂ ਜਿਹੜਾ ਮਜ਼੍ਹਬ ਵੀ ਲੋਕ-ਹਿਤੀ ਪੈਂਤੜੇ ਤੋਂ ਇਨਕਲਾਬੀ ਬਣ ਕੇ ਉਠਿਆ, ਸਮਾਜ ਦੀ ਇਨਕਲਾਬੀ ਦਸ਼ਾ ਦੇ ਅਲੋਪ ਹੋਣ ਕਾਰਨ ਉਹ ਅੰਤ ਹਾਕਮ ਜਮਾਤਾਂ ਦੇ ਢਹੇ ਚੜ੍ਹ ਕੇ ਉਨ੍ਹਾਂ ਦਾ ਹਿੱਤ ਹੀ ਪੂਰਨ ਲਗ ਗਿਆ। ਸੋ ਜੋ ਗੁਰਬਾਣੀ ਅਤੇ ਸਿਖ-ਲਹਿਰ ਨਾਲ ਹੋਈ, ਉਹ ਕੋਈ ਅਨੋਖੀ ਅਤੇ ਜੱਗੋਂ ਤੇਹਰਵੀਂ ਨਹੀਂ। ਜਦੋਂ ਸਪਸ਼ਟ ਕਾਰਨਾਂ ਕਰਕੇ ਸਿਖ-ਲਹਿਰ ਵਿਚ ਅੰਦਰੋਂ ਜਮਾਤੀ ਵਿਗਾੜ ਪੈ ਗਿਆ ਅਤੇ ਲੋਕ ਹਿੱਤੀ ਗੁਹੀਲਿਆਂ ਦਾ ਲੀਡਰ ਫੀਊਡਲ ਸਰਦਾਰ ਬਣਨ ਦੇ ਰਾਹੇ ਪੈ ਗਿਆ ਤਾਂ ਉਸ ਵਕਤ ਤੋਂ ਲਗਕੇ ਗੁਰਬਾਣੀ ਦੇ ਅਰਥਾਂ ਦਾ,

ਸਿਖਾਂ ਤੇ ਸਿਖੀ ਦੀਆਂ ਸਰਕਾਰੀ ਸੰਸਥਾਵਾਂ ਦਾ ਇਤਿਹਾਸ ਕੀ ਹੈ ? ਸਪਸ਼ਟ ਹੀ ਜੋ ਪੰਜਾਬ ਦੇ ਸਮਾਜ ਦਾ ਇਤਿਹਾਸ ਹੈ — ਪਹਿਲਾਂ ਫ਼ੀਊਡਲ ਤੇ ਮਗਰੋਂ ਬੁਰਜਵਾ ।

ਅੰਦਰੋਂ ਪਏ ਵਿਗਾੜ ਦੀ ਸਮਕਾਲੀ ਗਵਾਹੀ — ਹਾਂਸ ਸਾਹਿਬ ਸਿਖ-ਲਹਿਰ ਵਿਚ ਅੰਦਰੋਂ ਪਏ ਵਿਗਾੜ ਬਾਬਤ ਸਮਕਾਲੀ ਗਵਾਹੀ ਦੀ ਅਣਹੋਂਦ ਤੋਂ ਸੁਝਾਉ ਇਹ ਦੇਂਦੇ ਹਨ ਕਿ ਸਿਖ ਲਹਿਰ ਮੁਢੋਂ ਹੀ ਇਨਕਲਾਬੀ ਹੈ ਨਹੀਂ ਸੀ; ਫ਼ੀਊਡਲ ਹੀ ਸੀ ਤੇ ਅੰਤ ਇਸ ਨੇ ਆਪਣੇ ਜਮਾਤੀ ਅਸਲੇ ਅਨੁਸਾਰ 'ਸਿਖ-ਰਜਵਾੜਾ ਸ਼ਾਹੀ' ਹੀ ਸਥਾਪਤ ਕੀਤੀ । ਅਸੀਂ ਉਨ੍ਹਾਂ ਕੋਲੋਂ ਪਹਿਲੀ ਗੱਲ ਇਹ ਪੁਛਦੇ ਹਾਂ ਕਿ ਗੁਰੂ ਸਾਹਿਬਾਨ ਬਾਬਤ ਸਮਕਾਲੀ ਸਿੱਕੇਬੰਦ ਇਤਿਹਾਸਕ ਸੋਮਾ ਹੈ ਕਿੰਨਾ ਕੁ ? ਉਨ੍ਹਾਂ ਬਾਬਤ ਕਿਹੜਾ ਸਮਕਾਲੀ ਇਤਿਹਾਸ ਹੈ ਅਤੇ ਖ਼ਾਸ ਕਰ ਮਾਰਕਸਵਾਦੀ ਮੁਹਾਵਰੇ ਵਿਚ, ਜਮਾਤੀ ਵਿਸ਼ਲੇਸ਼ਨ ਦੀ ਬੋਲੀ ਵਿਚ ? ਅਸੀਂ ਉਨ੍ਹਾਂ ਕੋਲੋਂ ਇਹ ਵੀ ਪੁਛਦੇ ਹਾਂ ਕਿ ਮਾਰਕਸਵਾਦ ਦੇ ਜਨਮ ਤੋਂ ਪਹਿਲਾਂ ਕਿਹੜੇ ਇਤਿਹਾਸਕਾਰ ਨੇ ਕਿਹੜੀ ਇਨਕਲਾਬੀ ਲਹਿਰ ਦਾ, ਜਾਂ ਉਸ ਵਿਚ ਪਏ ਜਮਾਤੀ ਵਿਗਾੜ ਦਾ ਜਮਾਤੀ ਵਿਸ਼ਲੇਸ਼ਨ ਕੀਤਾ ਹੈ ? ਕੀ ਇਸਲਾਮ ਦਾ, ਜਾਂ ਈਸਾਈ ਮੱਤ ਦਾ ਜਾਂ ਹੋਰ ਕਿਸੇ ਇਨਕਲਾਬੀ ਮਜ਼ੁਬ ਦਾ ਜਿਸ ਦੀ ਮਗਰੋਂ ਜਮਾਤੀ ਕਾਇਆਂ-ਪਲਟੀ ਹੋ ਗਈ ਹੋਵੇ ? ਉਸ ਜਮਾਤੀ ਕਾਇਆਂ-ਪਲਟੀ ਦਾ ਕਿਸੇ ਸਮਕਾਲੀ ਇਤਿਹਾਸਕਾਰ ਨੇ ਜਮਾਤੀ ਵਿਸ਼ਲੇਸ਼ਨ ਕੀਤਾ ਹੈ ? ਕੀ ਮਾਰਕਸਵਾਦ ਦੇ ਜਨਮ ਤੋਂ ਪਹਿਲਾਂ ਕਿਸੇ ਇਤਿਹਾਸਕਾਰ ਵਾਸਤੇ ਐਸਾ ਕਰਨਾ ਮੁਮਕਿਨ ਸੀ ? ਕੀ ਹਾਂਸ ਸਾਹਿਬ ਏਥੇ ਅਸੰਭਵ ਦੀ ਮੰਗ ਨਹੀਂ ਕਰ ਰਹੇ । ਹਾਂ ਸਿਖ-ਲਹਿਰ ਦੀ ਜਮਾਤੀ ਕਾਇਆਂ-ਪਲਟੀ ਦੀ ਸਮਕਾਲੀ ਗ਼ਵਾਹੀ ਹੈ । ਬਿਲਕੁਲ ਸਪਸ਼ਟ ਹੈ । ਪਰ ਇਸ ਗਵਾਹੀ ਨੂੰ ਜਾਂ ਤਾਂ ਹਾਂਸ ਸਾਹਿਬ ਗਵਾਹੀ ਮੰਨਦੇ ਹੀ ਨਹੀਂ ਅਤੇ ਜਾਂ ਜਾਣ ਬੁਝਕੇ ਨਜ਼ਰ-ਅੰਦਾਜ਼ ਕਰਦੇ ਹਨ । ਹਰ ਲਹਿਰ ਦੇ ਜਮਾਤੀ ਅਸਲੇ ਦੀ ਗਵਾਹੀ, ਉਸ ਲਹਿਰ ਵਿਚ ਪਿਆਂ ਦਾ ਨਜ਼ਰੀਆ, ਚੇਤਨਤਾ ਅਤੇ ਇਸ ਤੋਂ ਵੀ ਸਿੱਕੇਬੰਦ ਗਵਾਹੀ ਉਸ ਲਹਿਰ ਵਿਚ ਪਿਆਂ ਦਾ ਆਚਰਨ ਤੇ ਅਮਲ ਹੁੰਦਾ ਹੈ । ਜਿੰਨਾਂ ਚਿਰ ਸਿਖ ਗੁਰੀਲੇ ਲੋਕ-ਹਿਤੀ ਪੈਂਤੜੇ ਤੋਂ ਗੁਰਬਾਣੀ ਦੇ ਮੂਲ ਨੂੰ ਅਮਲੀ-ਜਾਮਾ ਪਹਿਨਾਉਣ ਵਾਸਤੇ ਲੜਦੇ ਰਹੇ, ਉਨਾਂ ਚਿਰ ਉਨ੍ਹਾਂ ਦਾ ਆਚਰਨ ਸੁੱਚਾ ਸੀ, ਬੇਲਾਗ਼, ਬੇਦਾਗ ਸੀ । ਕਬਜ਼ੇ ਦੀ ਹਵਸ ਤੇ ਜਿਨਸੀ ਲਚਰਪੁਣੇ ਤੋਂ ਪਾਕ ਸੀ । ਇਸ ਸੁੱਚੇ ਆਚਰਨ ਦੀ ਉਹਨਾਂ ਦਿਆਂ ਦੁਸ਼ਮਣਾਂ ਵੀ ਗਵਾਹੀ ਦਿੱਤੀ ਹੈ । ਗੁਰੀਲਿਆਂ ਦੇ ਲੀਡਰ ਦਾ ਉਨ੍ਹਾਂ ਨਾਲ ਰਿਸ਼ਤਾ ਸਾਥੀ ਦਾ ਸੀ । ਜੋ ਸਭ ਨਾਲੋਂ ਜ਼ਿਆਦਾ ਦਲੇਰ ਤੇ ਸਿਆਣਾ ਹੁੰਦਾ ਸੀ ਉਹ ਲੀਡਰ ਹੁੰਦਾ ਸੀ । ਪਰ ਜਦੋਂ ਅੰਦਰੋਂ ਜਮਾਤੀ ਵਿਗਾੜ ਪੈ ਗਿਆ ਤਾਂ ਇਹ ਸਭ ਕੁਝ ਆਪਣੇ ਉਲਟ ਵਿਚ ਬਦਲ ਗਿਆ । ਗੁਰੀਲਿਆਂ ਦੇ ਲੀਡਰ ਫ਼ੀਊਡਲ ਸਰਦਾਰ ਬਣ ਬੈਠੇ । ਕਬਜ਼ੇ ਦੀ ਹਵਸ ਦੇ ਸ਼ਿਕਾਰ ਹੋ ਗਏ । ਬਾਕੀ ਫ਼ੀਊਡਲਾਂ ਵਾਂਗ ਵਿਭਚਾਰੀ ਹੋ ਗਏ ।

ਜੇ ਆਚਰਨ ਦੀ ਤਬਦੀਲੀ, ਮਨੁਖੀ ਖ਼ਾਸੀਅਤਾਂ, ਮਨੁਖੀ ਮਨੋਰਥਾਂ ਦੀ ਤਬਦੀਲੀ ਜਮਾਤੀ ਪੈਂਤੜੇ ਦੀ ਤਬਦੀਲੀ ਦੀ ਗਵਾਹੀ ਨਹੀਂ ਤਾਂ ਇਸ ਤੋਂ ਪੱਕੀ ਲੋਹੇ ਜੜੀ ਗਵਾਹੀ ਪਤਾ ਨਹੀਂ ਹੋਰ ਕਿਹੜੀ ਹੋ ਸਕਦੀ ਹੈ ? ਇਹ ਗਵਾਹੀ ਇਸਲਾਮ ਦੀ ਤੇ ਈਸਾਈ ਮਤ ਦੀ ਜਮਾਤੀ ਤਬਦੀਲੀ ਬਾਬਤ ਵੀ ਸਪਸ਼ਟ ਮਿਲਦੀ ਹੈ । ਭਾਵੇਂ ਕੋਈ ਇਤਿਹਾਸਕਾਰ ਹੋਵੇ, ਸਾਹਿਤਕਾਰ ਜਾਂ ਸਾਹਿਤ ਦਾ ਆਲੋਚਕ ਜਾਂ ਕੋਈ ਹੋਰ, ਹਰ ਮਾਰਕਸਵਾਦੀ ਵਾਸਤੇ ਲਾਜ਼ਮੀ ਹੈ ਕਿ ਉਹ ਮਨੁਖੀ ਆਚਰਨ ਦੀ, ਮਨੁਖੀ ਖ਼ਾਸੀਅਤਾਂ, ਮਨੁਖੀ ਮਨੋਰਥਾਂ ਦੀ ਬੋਲੀ ਵਿਚ ਜਮਾਤੀ ਅਸਲੇ ਨੂੰ



ਸਮਝਣ ਦੀ ਸਮਰਥਾ ਰਖੇ ।

ਹਾਂਸ ਸਾਹਿਬ ਲਿਖਦੇ ਹਨ : "ਜਾਗੀਰਦਾਰ-ਦੁਸ਼ਮਣ ਵਿਰਸੇ ਨੂੰ ਛੱਡਣ ਅਤੇ ਰਜਵਾੜਾ-ਸ਼ਾਹੀ ਰੁਚੀਆਂ ਅਪਣਾਉਣ ਨਾਲ 18ਵੀਂ ਸਦੀ ਵਿਚ ਸਿਖ ਧਰਮ ਪ੍ਰਤੀ ਲੋਕ-ਹਿਮਾਇਤ ਘਟਣੀ ਚਾਹੀਦੀ ਹੈ । ਪਰ ਇਤਿਹਾਸਕ ਯਥਾਰਥ ਇਹ ਹੈ ਕਿ ਸਿੱਖੀ ਵਿਚ ਵਾਧਾ ਹੁੰਦਾ ਰਿਹਾ ।" ਇਹ ਲਿਖਣ ਤੋਂ ਪਹਿਲਾਂ ਜੇ ਹਾਂਸ ਸਾਹਿਬ ਮਾਰਕਸਵਾਦ ਕੋਲੋਂ ਜ਼ਰਾ ਸਲਾਹ ਲੈ ਲੈਂਦੇ ਤਾਂ ਜੋ ਉਨ੍ਹਾਂ ਏਥੇ ਸੁਝਾਉ ਦਿਤਾ ਹੈ ਉਹ ਨਾ ਦੇਂਦੇ । ਉਨ੍ਹਾਂ ਦੇ ਆਪਣੇ ਲਿਖਣ ਤੋਂ ਜ਼ਾਹਿਰ ਹੈ ਕਿ ਜਦੋਂ ਲਹਿਰ ਦੇ ਲੀਡਰਾਂ ਰਜਵਾੜਾ-ਸ਼ਾਹੀ ਰੁਚੀਆਂ ਅਪਣਾ ਲਈਆਂ ਤਾਂ ਸਿਖਾਂ ਦੀ ਗਿਣਤੀ ਘਟਣ ਦੀ ਥਾਂ ਵਧੀ । ਇਉਂ ਹੋਣਾ ਕੁਦਰਤੀ ਸੀ । ਕਿਉਂ ? ਜਦੋਂ ਈਸਾ ਮਸੀਹ ਨੂੰ ਸੂਲੀ 'ਤੇ ਚੜ੍ਹਾ ਦਿਤਾ ਗਿਆ ਤਾਂ ਉਸ ਦੇ ਪੈਰੋਕਾਰਾਂ ਨੇ ਉਸ ਦੀ ਸ਼ਹੀਦੀ ਨੂੰ ਆਪਣੀ ਲੰਮੀ ਇਨਕਲਾਬੀ ਜੰਗ (ਜਿਸ ਵਿਚ ਉਨ੍ਹਾਂ ਦੇ ਮੁਤਾਬਿਕ ਉਨ੍ਹਾਂ ਦੀ ਅੰਤ ਜਿੱਤ ਯਕੀਨੀ ਸੀ) ਵਿਚ ਪਹਿਲੀ ਆਰਜ਼ੀ ਹਾਰ ਕਰਕੇ ਨਾ ਸਮਝਿਆ (ਜਿਸ ਤਰ੍ਹਾਂ ਕਿ ਮਾਰਕਸਵਾਦੀ ਸੰਸਾਰ ਪਰੋਲਤਾਰੀ ਨੇ ਪੈਰਿਸ ਕਮਿਊਨ ਦੀ ਹਾਰ ਨੂੰ ਸਮਝਿਆ ਸੀ) ਬਲਕਿ ਮੌਤ ਤੋਂ ਅਗਲੀ ਦੁਨੀਆਂ ਵਿਚ ਆਪਣੀ ਜਿੱਤ ਕਰਕੇ ਲਿਆ । ਇਹ ਹੈ ਤਾਂ ਉਨ੍ਹਾਂ ਦਾ ਦਿਆਨਤਦਾਰ ਅਣਭੋਲਪੁਣਾ ਸੀ, ਅਤੇ ਇਸ ਕਦਮ ਨੇ ਜ਼ਾਹਿਰਾ ਤੌਰ 'ਤੇ (ਈਸਾਈਆਂ ਦੀ ਗਿਣਤੀ ਦੇ ਨੁਕਤੇ ਤੋਂ) ਈਸਾਈ ਮੱਤ ਦਾ ਬਾਨ੍ਹ ਬੰਨ੍ਹਿਆ । ਪਰ ਅਸਲ ਵਿਚ ਇਸ ਕਦਮ ਨੇ ਉਸ ਦੇ ਅਸਲੇ ਵਿਚ ਇਨਕਲਾਬੀ ਅੰਸ਼ਰ ਦੀ ਥਾਂ ਸੁਧਾਰਕ ਅੰਸ਼ਰ ਦੀਆਂ ਜੜ੍ਹਾਂ ਪਤਾਲ ਤਕ ਲਾਉਣ ਵਾਸਤੇ ਰਾਹ ਸਾਫ਼ ਕਰ ਦਿਤਾ । (Caudwell : Further Studies in Dying Culture, p. 57)

ਜਮਾਤੀ ਸਮਾਜ ਦਾ ਮਹਿਕੂਮ, ਮੇਹਨਤਕਸ਼ ਤਬਕਾ ਸਮਾਜ ਦੀ ਹਰ ਦਸ਼ਾ ਵਿਚ, ਹਰ ਸਥਿਤੀ ਵਿਚ ਇਕੋ ਰਾਹੇ, ਜਰਨੈਲੀ ਸੜਕੇ ਹੀ ਨਹੀਂ ਪਿਆ ਤੁਰਿਆ ਜਾਂਦਾ । ਹਰ ਸਥਿਤੀ ਤੇ ਸਮਾਜ ਦੀ ਹਰ ਦਸ਼ਾ ਵਿਚ ਲੋਕਾਂ ਦੇ ਵਰਤਾਉ ਬਾਬਤ ਵਿਸ਼ਾਲ ਜਨਰਲਾਈਜ਼ੇਸ਼ਨ ਕਰ ਦੇਣੀ ਵੱਡੀ ਗਲਤੀ ਹੈ । ਇਕ ਪਾਸੇ ਤੋਂ ਸਮਾਜ ਦੇ ਆਰਥਕ ਸਮਾਜਕ ਹਾਲਾਤ ਅਤੇ ਦੂਸਰੇ ਪਾਸੇ ਤੋਂ ਲੋਕਾਂ ਦੀ ਚੇਤਨਤਾ ਦੀ ਤੈਹ ਤਕ ਛਾਣਬੀਣ ਕਰਨ ਤੋਂ ਬਗੈਰ, ਇਨ੍ਹਾਂ ਨੂੰ ਸਹੀ ਸਾਇੰਟਿਫਿਕ ਤੌਰ 'ਤੇ ਦੇਖਣ ਤੋਲਣ ਤੋਂ ਬਗ਼ੈਰ ਐਵੇਂ ਮੂੰਹ ਦੀ ਵਾਹ ਦੇਣੀ ਗ਼ਲਤੀ ਨੂੰ ਵਾਜਾਂ ਮਾਰਨ ਵਾਲੀ ਗੱਲ ਹੁੰਦੀ ਹੈ । ਹਾਲਾਤ ਇਨਕਲਾਬੀ ਵੀ ਹੁੰਦੇ ਆਏ ਹਨ, ਪਰ ਇਨਕਲਾਬ ਨਹੀਂ ਆਏ ਕਿਉਂਕਿ ਲਿਆਉਣ ਵਾਲੇ ਹਾਲਾਤ ਦੇ ਹਾਣੀ ਨਾ ਹੋ ਸਕੇ । ਜੇ ਜਮਾਤੀ ਸਮਾਜ ਅਜੇ ਨਿਰੋਆਂ ਹੋਵੇ, ਆਪਣੇ ਪੈਰ ਪੱਕੀ ਤਰ੍ਹਾਂ ਜਮਾਈ ਬੈਠਾ ਹੋਵੇ ਤਾਂ ਲੋਕਾਂ ਦੇ ਚਲਨ ਤੇ ਵਰਤਾਉ ਉਤੇ ਮਾਰਕਸਵਾਦ ਦਾ ਦਸਿਆ ਇਹ ਕਾਨੂੰਨ ਲਾਗੂ ਹੁੰਦਾ ਹੈ ਕਿ ਹਾਕਮ ਜਮਾਤਾਂ ਦੀ ਕਲਚਰ, ਉਨ੍ਹਾਂ ਦਾ ਨਜ਼ਰੀਆ, ਉਨ੍ਹਾਂ ਦੀ ਚੇਤਨਤਾ ਹੀ ਸਾਰੇ ਸਮਾਜ ਦੀ ਚੇਤਨਤਾ ਹੁੰਦੀ ਹੈ । ਅਤੇ ਸਮਾਜ ਦੀ ਵਸੋਂ ਦੀ ਬਣਤਰ ਪੈਦਾਵਾਰ ਦੇ ਕਾਬਜ਼ ਰਿਸ਼ਤਿਆਂ, ਸਮਾਜਕ ਰਿਸ਼ਤਿਆਂ ਦੀ ਸਿਰਜਣਾ ਹੁੰਦੀ ਹੈ । ਮਤਲਬ ਹੈ ਕਾਬਜ਼ ਨਿਜ਼ਾਮ ਆਪਣੀ ਵਸੋਂ ਕੋਲੋਂ ਜੋ ਕਰਵਾਉਣਾ ਚਾਹੁੰਦਾ ਹੈ, ਉਸ ਦੇ ਸਮਾਜਕ ਰਿਸ਼ਤਿਆਂ ਦੀ ਸਿਰਜੀ ਵਸੋਂ ਦੀ ਬਣਤਰ ਤਕਰੀਬਨ ਆਪਣੇ ਆਪ ਹੀ ਕਰੀ ਆਉਂਦੀ ਹੈ । ਇਹ ਸਮਾਜਕ ਉਸਾਰੀ ਦਾ ਨਾਰਮਲ ਕਾਨੂੰਨ ਹੈ ।

ਪਰ ਜਦੋਂ ਕਾਬਜ਼ ਨਿਜ਼ਾਮ ਗ਼ਹਿਰੇ ਸੰਕਟ ਵਿਚ ਪੈ ਜਾਵੇ ਅਤੇ ਉਸ ਨੂੰ ਆਪਣੀ ਨਿਜਾਤ ਦਾ ਕੋਈ ਰਾਹ ਨਾ ਲਭਦਾ ਹੋਵੇ, ਸਮਾਜਕ ਦਸ਼ਾ ਇਨਕਲਾਬੀ ਤੌਰ 'ਤੇ ਮਘਦੀ ਹੋਵੇ, ਲੋਕ ਜਮਾਤੀ

ਤੌਰ 'ਤੇ ਚੇਤੰਨ ਕੀਤੇ ਜਾ ਚੁਕੇ ਹੋਣ ਤਾਂ ਉਹ ਕਾਬਜ਼ ਨਿਜ਼ਾਮ ਅੱਗੇ ਸੀਲ ਨਹੀਂ ਰਹਿੰਦੇ। ਉਸ ਦੇ ਖ਼ਿਲਾਫ਼ ਇਨਕਲਾਬੀ ਤੌਰ 'ਤੇ ਉਠਦੇ ਹਨ। ਦੂਸਰੇ ਬੰਨੇ, ਜਿਸ ਤਰ੍ਹਾਂ ਰੂਸੀ ਤਜਰਬੇ ਨੇ ਪ੍ਰਤੱਖ ਕੀਤਾ ਹੈ ਇਨਕਲਾਬ ਭਾਵੇਂ ਆਇਆ ਵੀ ਕਿਉਂ ਨਾ ਹੋਵੇ, ਜੇ ਕਮਾਨ ਸਿਆਸਤ ਦੇ ਹੱਥ ਨਾ ਰਹੇ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਤਿਆਗ ਦਿਤੀ ਗਈ ਹੋਵੇ, ਲਗਾਤਾਰ ਕਲਚਰਲ ਇਨਕਲਾਬ ਦੇ ਰਾਹੇ ਨਾ ਪਿਆ ਗਿਆ ਹੋਵੇ ਤਾਂ ਲੋਕਾਂ ਵਿਚ ਨਵੀਂ ਜਮਾਤੀ ਚੇਤਨਤਾ ਤਾਂ ਕੀ ਆਉਣੀ ਹੈ ਆਈ ਹੋਈ ਨੂੰ ਵੀ ਜੰਗਾਲ ਖਾ ਜਾਵੇਗਾ ਅਤੇ ਆਏ ਹੋਏ ਇਨਕਲਾਬ ਦੀ ਵੀ ਸਾਰੀ ਖੇਡ ਘੱਟੇ ਕੌਡੀਆਂ ਹੋ ਜਾਵੇਗੀ।

ਇਸ ਨੁਕਤੇ ਬਾਬਤ ਹਾਂਸ ਸਾਹਿਬ ਦੀਆਂ ਬੁਨਿਆਦੀ ਤੌਰ 'ਤੇ ਦੋ ਗ਼ਲਤੀਆਂ ਹਨ। ਪਹਿਲੀ ਇਹ ਕਿ ਜਿਸ ਵੇਲੇ ਸਿਖ ਲਹਿਰ ਵਿਚ ਅੰਦਰੋਂ ਵਿਗਾੜ ਪਿਆ ਉਸ ਵੇਲੇ ਦੇ ਸਮਾਜ ਦੇ ਹਾਲਾਤ ਨੂੰ ਉਨ੍ਹਾਂ ਫੋਲਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸ਼ਾਇਦ ਲੋੜ ਹੀ ਨਹੀਂ ਸਮਝੀ। ਦੂਸਰੇ ਇਹ ਕਿ ਉਨ੍ਹਾਂ ਸ਼ਾਇਦ ਅਚੇਤ ਹੀ ਇਹ ਮੰਨ ਲਿਆ ਹੈ ਕਿ ਲੋਕੀਂ ਹਮੇਸ਼ਾਂ ਆਪਣੇ ਹਿੱਤ ਤੋਂ ਚੇਤੰਨ ਹੁੰਦੇ ਹਨ ਅਤੇ ਆਪਣੇ ਹਿੱਤ ਅਨੁਸਾਰ ਹੀ ਆਰਥਕ ਸਿਆਸੀ ਬਰਤਾਓ ਕਰਦੇ ਹਨ। ਇਹ ਵਿਸ਼ਵਾਸ ਬਿਲਕੁਲ ਗ਼ਲਤ ਹੈ। ਉਸ ਸਮੇਂ ਦੇ ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦੀ ਤਾਂ ਗੱਲ ਹੀ ਛੱਡੋ, ਅਜ ਦੇ ਪਰੋਲਤਾਰੀ ਨੂੰ ਵੀ ਜਮਾਤੀ ਚੇਤਨਤਾ, ਮਾਰਕਸਵਾਦੀ ਚੇਤਨਤਾ ਬਾਹਰੋਂ ਦੇਣੀ ਪੈਂਦੀ ਹੈ। ਉਸ ਨੂੰ ਆਪਣੇ ਆਪ, ਆਪਣੇ ਕੰਮ ਦੇ ਵੇਗ ਵਿਚੋਂ ਨਹੀਂ ਆਉਂਦੀ। ਲੈਨਿਨ ਦੀ ਟੂਕ ਦੇ ਕੇ ਸੇਧ ਦੇ ਸਫ਼ਿਆਂ ਵਿਚ ਇਹ ਤੱਥ ਅਸੀਂ ਬਾਰ ਬਾਰ ਪੇਸ਼ ਕਰ ਚੁਕੇ ਹਾਂ। ਵਿਚਾਰ-ਧਾਰਕ ਜਮਾਤੀ ਜਦੋ-ਜਹਿਦ ਢਿੱਲੀ ਹੋ ਜਾਵੇ, ਸਨਅਤੀ ਮਜ਼ਦੂਰ ਖੱਸੀ ਹੋਕੇ, ਸੀਲ ਬਣਕੇ ਸਾਮਰਾਜ ਦੇ, ਫੈਸਿਜ਼ਮ ਦੇ ਕੋਹਲੂ ਜੁਪੇ ਰਹਿੰਦੇ ਹਨ। ਜਦੋਂ ਸਮਾਜ ਦੀ ਦਸ਼ਾ ਇਨਕਲਾਬੀ ਤੌਰ 'ਤੇ ਭਖ਼ਦੀ ਹੋਵੇ, ਲੋਕ ਜਮਾਤੀ ਤੌਰ 'ਤੇ ਚੇਤੰਨ ਹੋਣ, ਜਮਾਤੀ ਚੇਤਨਤਾ ਦੀ ਸਿਖਰ 'ਤੇ ਹੋਣ, ਸਿਰਫ਼ ਉਦੋਂ, ਜੋ ਲੀਡਰਸ਼ਿਪ ਇਨਕਲਾਬੀ ਪੈਂਤੜਾ ਛੱਡਦੀ ਦਿਸੇ ਲੋਕ ਉਸ ਦਾ ਪੱਲਾ ਛੱਡ ਦੇਂਦੇ ਹਨ ਅਤੇ ਸਹੀ ਇਨਕਲਾਬੀਆਂ ਦੇ ਮਗਰ ਲਗ ਜਾਂਦੇ ਹਨ, ਜਿਸ ਤਰ੍ਹਾਂ ਕਿ ਰੂਸੀ ਇਨਕਲਾਬ ਆਉਣ ਵੇਲੇ ਚੇਤੰਨ ਰੂਸੀ ਪਰੋਲਤਾਰੀਆ ਹੋਰਨਾਂ ਸਭਸ ਨੂੰ ਛਡਕੇ ਬਾਲਸ਼ਵਿਕਾਂ ਦੇ ਲੜ ਲਗਿਆ। ਪਰ ਐਵੇਂ ਨਹੀਂ।

ਜਦੋਂ ਸਿਖ-ਲਹਿਰ ਦੀ ਲੀਡਰਸ਼ਿਪ ਫ਼ੀਊਡਲ ਹੋਣ ਦੇ ਰਾਹੇ ਪੈ ਰਹੀ ਸੀ ਉਸ ਵਕਤ ਸਮਾਜ ਦੀ ਦਸ਼ਾ ਕੀ ਸੀ ਅਤੇ ਕਿਸਾਨਾਂ, ਕਾਰੀਗਰਾਂ, ਕੰਮੀਆਂ, ਕਾਮਿਆਂ ਦੀ ਜਮਾਤੀ ਚੇਤਨਤਾ ਦਾ ਕੀ ਹਾਲ ਸੀ? ਸਥਾਨਕ ਫ਼ੀਊਡਲਾਂ — ਮਰਹੱਟਿਆਂ ਆਦਿ ਦੇ ਸਿਰ ਚੁਕਣ ਅਤੇ ਪੰਜਾਬ ਵਿਚ ਸਿਖ-ਲਹਿਰ ਦੀ ਸ਼ਕਲ ਵਿਚ ਹਿੰਦੂ ਸਮਾਜ ਦੇ ਸ਼ੂਦਰਾਂ ਆਦਿ ਦੇ ਵਿਸ਼ਾਲ ਪੈਮਾਨੇ ਉਤੇ ਐਨੇ ਲੰਮੇ ਸਮੇਂ ਤਕ ਗੁਰੀਲਾ ਜੰਗ ਕਰੀ ਆਉਣ ਤੇ ਬਾਹਰੋਂ ਅਹਿਮਦਸ਼ਾਹ ਅਬਦਾਲੀ ਦੇ ਹਮਲਿਆਂ ਤੋਂ ਜ਼ਾਹਿਰ ਹੈ ਕਿ ਮੁਗ਼ਲੀਆਂ ਫ਼ੀਊਡਲ ਤੇ ਉਸ ਦੀ ਸਟੇਟ ਖੋਖਰ ਹੋ ਚੁਕੇ ਸਨ। ਇਤਿਹਾਸਕ ਤੌਰ 'ਤੇ ਉਨ੍ਹਾਂ ਦੀ ਔਧ ਖ਼ਤਮ ਹੋ ਚੁਕੀ ਸੀ, ਅਤੇ ਇਨ੍ਹਾਂ ਸਭ ਦੀਆਂ ਸੱਟਾਂ ਨਾਲ ਉਹ ਆਪਣੇ ਅੰਤਲੇ ਹਟਕੋਰਿਆਂ 'ਤੇ ਆ ਰਹੇ ਸਨ। ਜਦੋਂ ਤਕ ਤਾਂ ਉਨ੍ਹਾਂ ਨੂੰ ਢਾਹੁਣ ਦਾ ਵੇਗ ਸੀ, ਸਮਾਜਕ ਵੇਗ ਲੋਕ-ਹਿੱਤੀ ਪੈਂਤੜੇ ਦੇ ਜਾਗਣ ਨੂੰ ਰਾਹ ਦੇਂਦਾ ਸੀ ਅਤੇ ਉਹ ਜਾਗਿਆ ਤੇ ਲੜਿਆ। ਪਰ ਜਦੋਂ ਉਸ ਦੇ ਢਹਿ ਢੇਰੀ ਹੋਣ ਅਤੇ ਨਵੇਂ ਦੇ ਸਥਾਪਤ ਹੋਣ ਦਾ ਵਕਤ ਆਇਆ ਤਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਨਾ ਹੋਣ ਕਰਕੇ ਲੋਕ-ਹਿੱਤ ਦੇ



ਪੈਂਤੜੇ ਦੇ ਕਾਬਜ਼ ਹੋਣ ਵਾਸਤੇ, ਜਮਾਤ-ਰਹਿਤ ਸਮਾਜ ਦੇ ਵਜੂਦ ਵਿਚ ਆਉਣ ਦਾ ਦਰ ਬੰਦ ਸੀ। ਦਰ ਖੁਲ੍ਹਾ ਕਿਹੜਾ ਸੀ? ਉਹ ਹੀ ਜੋ ਪਿਛੇ ਵੀ ਖੁਲ੍ਹਦਾ ਆਇਆ ਸੀ। ਜਦੋਂ ਹਿੰਦੂ ਫ਼ੀਊਡਲ ਖੋਖਰ ਹੋਇਆ ਸੀ ਤਾਂ ਬਾਹਰੋਂ ਪਠਾਨ ਫ਼ੀਊਡਲ ਨੂੰ ਰਾਹ ਲਭ ਗਿਆ। ਜਦੋਂ ਉਸ ਨੇ ਆਪਣੀ ਭੋਗ ਲਈ ਤਾਂ ਮੁਗ਼ਲ ਫ਼ੀਊਡਲ ਵਾਸਤੇ ਦਰ ਖੁਲ੍ਹ ਗਿਆ। ਅਤੇ ਹੁਣ ਉਸ ਦੀ ਮਦਦ ਨਾਲ ਰਾਹ ਸਿਖ ਫ਼ੀਊਡਲ ਵਾਸਤੇ ਖੁਲ੍ਹਾ। ਸਮਾਜਕ ਵੇਗ ਨੇ ਜਿਹੜਾ ਰਾਹ ਦਿਤਾ ਸਿਖ ਗੁਰੀਲਿਆਂ ਦੇ ਲੀਡਰਾਂ ਵਾਸਤੇ ਲਾਜ਼ਮੀ ਸੀ ਕਿ ਉਹ ਉਸੇ ਰਾਹੇ ਪੈਂਦੇ। ਅਮਲੀ ਪੱਧਰ 'ਤੇ ਹੋਰ ਕੋਈ ਰਾਹ ਹੈ ਹੀ ਨਹੀਂ ਸੀ। ਫ਼ੀਊਡਲ ਬਣਨ ਦੇ ਰਾਹੇ ਪਏ ਸਿਖ ਗੁਰੀਲਿਆਂ ਦੇ ਲੀਡਰ ਇਨਕਲਾਬ ਦੇ ਪੁਤ ਹੁੰਦੇ ਹੋਏ ਉਸ ਦੇ ਸਪੁਤਰ ਤਾਂ ਨਹੀਂ ਸਨ ਰਹੇ, ਰਹਿ ਸਕਦੇ ਵੀ ਨਹੀਂ ਸਨ। ਬਣ ਤਾਂ ਕਪੂਤ ਗਏ ਸਨ। ਸਮਾਜਕ ਵੇਗ ਕਪੁਤ ਉਨ੍ਹਾਂ ਨੂੰ ਆਪ ਬਣਾ ਰਿਹਾ ਸੀ। ਫੇਰ ਵੀ ਇਨਕਲਾਬ ਦੀ ਬਿੰਦ ਸਨ। ਉਨ੍ਹਾਂ ਵਿਚ ਜਾਨ ਸੀ। ਉਸ ਵੇਲੇ ਉਹ ਭਵਿਖ ਦੇ ਮਾਲਕ ਸਨ। ਉਨ੍ਹਾਂ ਦੀ ਅਚੇਤ ਹੀ ਜਮਾਤੀ ਕਾਇਆਂ-ਪਲਟੀ ਹੋਈ। ਚੂੰਕਿ ਹੁਣ ਖੋਖਰ ਹੋਇਆ ਮੁਗ਼ਲ ਫ਼ੀਊਡਲ ਲਾਸ਼ ਬਣ ਚੁਕਾ ਸੀ ਅਤੇ ਸਮਾਜਕ ਵੇਗ ਰਿਸ਼ਟ-ਪੁਸ਼ਟ ਨਵੇਂ ਨਿਰੋਏ ਫ਼ੀਊਡਲ ਨੂੰ ਰਾਹ ਦੇਂਦਾ ਸੀ, ਇਨਕਲਾਬੀਆਂ ਦਾ ਜੁੱਸਾ ਬਦਲਕੇ ਉਸ ਨੂੰ ਆਪ ਸਿਰਜ ਰਿਹਾ ਸੀ, ਲੋਕ-ਹਿੱਤੀ ਪੈਂਤੜੇ ਤੋਂ ਸਮਾਜ ਦੀ ਦਸ਼ਾ ਇਨਕਲਾਬੀ ਨਹੀਂ ਸੀ ਰਹੀ। ਇਸ ਵਾਸਤੇ ਨਹੀਂ ਸੀ ਰਹੀ ਕਿ ਸਮਾਜਕ ਵੇਗ ਨੇ ਜਮਾਤੀ ਸਮਾਜ ਨੂੰ ਰਾਹ ਦੇ ਦਿਤਾ ਸੀ। ਰੋਗੀ ਫ਼ੀਊਡਲ, ਸਮਾਜ ਦੀ ਸਟੇਜ ਤੋਂ ਉਤਰ ਕੇ ਨਿਰੋਏ ਫ਼ੀਊਡਲ ਵਾਸਤੇ ਸਟੇਜ ਖ਼ਾਲੀ ਕਰ ਰਿਹਾ ਸੀ। ਇਤਿਹਾਸਕ ਉਸਾਰੀ ਦੇ ਕਾਨੂੰਨ ਦ ਅਨੁਸਾਰ ਸਾਡੇ ਸਮਾਜ ਵਿਚੋਂ ਅਜੇ ਫ਼ੀਊਡਲ ਦੌਰ ਦਾ ਅੰਤ ਨਹੀਂ ਸੀ ਆਇਆ।

ਜੇ ਤਾਂ ਸਮਾਜਕ ਸਥਿਤੀ ਲੋਕ-ਹਿਤੀ ਪੈਂਤੜੇ ਤੋਂ ਅਜੇ ਵੀ ਇਨਕਲਾਬ ਨੂੰ ਰਾਹ ਦੇਂਦੀ ਹੁੰਦੀ ਜਾਂ ਇਸ ਗੁਰੀਲਾ ਜੰਗ ਦੇ ਸਮੇਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਵਾਂਗ ਹੀ ਗੁਰਬਾਣੀ ਦੀ ਸਮਝ ਤੇ ਉਸ ਦੇ ਅਮਲੀ ਤੌਰ 'ਤੇ ਅਭਿਆਸ ਨੂੰ — ਵਿਚਾਰਧਾਰਕ ਜਮਾਤੀ ਜਦੋ-ਜਹਿਦ ਨੂੰ ਲੋੜੀਂਦੀ ਤਰਜੀਹ ਦਿਤੀ ਜਾਂਦੀ ਰਹਿੰਦੀ ਤਾਂ ਮੁਮਕਿਨ ਹੈ ਲੀਡਰਸ਼ਿਪ ਵਿਚ ਵਿਚਾਰਧਾਰਕ ਅੱਡੋ ਪਾਟੀ ਹੁੰਦੀ ਜਿਵੇਂ ਬੰਦਈ ਖਾਲਸੇ ਤੇ ਤੱਤ ਖਾਲਸੇ ਦੇ ਦਰਮਿਆਨ ਨਿਖੇੜ ਹੋਇਆ ਸੀ। ਗੁਰਬਾਣੀ ਦੇ ਮੂਲ ਤੋਂ ਚੇਤੰਨ ਲੋਕ ਆਪਣੀ ਨਵੀਂ ਲੀਡਰਸ਼ਿਪ ਖੜੀ ਕਰਨ ਦੀ ਕੋਸ਼ਿਸ਼ ਕਰਦੇ। ਜੇ ਇਨਕਲਾਬੀ ਲੀਡਰਸ਼ਿਪ ਖੜੀ ਹੋ ਜਾਂਦੀ ਅਤੇ ਉਹ ਜ਼ੋਰ ਨਾਲ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਾਇਮ ਰਖਦੀ, ਗੁਰੂ ਸਾਹਿਬਾਨ ਦੇ ਅਰਥਾਂ ਵਿਚ ਨਾਮ ਨੂੰ ਗ੍ਰਹਿਣ ਕਰਵਾਉਂਦੀ, ਉਸ ਨੂੰ ਅਮਲੀ ਜਾਮਾਂ ਪਹਿਨਾਉਂਦੀ ਰਹਿੰਦੀ ਤਾਂ ਕਿਸਾਨ ਆਦਿ ਲੋਕ ਜਾਂ ਉਨ੍ਹਾਂ ਦਾ ਬਹੁਤਾ ਜਾਂ ਚੋਖਾ ਤਬਕਾ — ਚੇਤੰਨ ਤਬਕਾ-ਫ਼ੀਊਡਲ ਦੇ ਰਾਹੇ ਪਈ ਲੀਡਰਸ਼ਿਪ ਦਾ ਲੜ ਛਡ ਕੇ ਇਨਕਲਾਬੀ ਲੀਡਰਸ਼ਿਪ ਦੇ ਲੜ ਲਗ ਜਾਂਦਾ। ਪਰ ਸਮਾਜਕ ਸਥਿਤੀ ਚੂੰਕਿ ਇਨਕਲਾਬੀ ਨਹੀਂ ਰਹੀ ਸੀ ਅਤੇ ਗੁਰੀਲਾ ਜੰਗ ਦੇ ਦੌਰਾਨ ਫ਼ੌਜੀ ਲੀਡਰਸ਼ਿਪ ਦਬਾ ਦਬ ਪੈਦਾ ਹੁੰਦੀ ਰਹੀ ਸੀ, ਪਰ ਮੁਕਾਬਲੇ ਦਾ ਲੋਕ-ਹਿਤੀ ਪੈਂਤੜੇ ਤੋਂ ਉਘਾ ਸਿਆਸੀ ਤੇ ਵਿਚਾਰਧਾਰਕ ਤਬਕਾ ਨਹੀਂ ਸੀ ਉਸਰ ਸਕਿਆ। ਚੂੰਕਿ ਗੁਰੀਲਿਆਂ ਦੇ ਅਮਲ ਦੀ ਜਮਾਤੀ ਕਾਇਆਂ-ਪਲਟੀ ਹੋ ਗਈ, ਲਾਜ਼ਮੀ ਸੀ ਕਿ ਉਨ੍ਹਾਂ ਦੇ ਨਜ਼ਰੀਏ ਦੀ, ਚੇਤਨਤਾ ਦੀ ਵੀ ਜਮਾਤੀ ਤੌਰ 'ਤੇ ਕਾਇਆਂ ਪਲਟਦੀ। ਸੋ ਹੁੰਦੀ ਹੁੰਦੀ ਅਚੇਤ ਹੀ ਉਹ ਵੀ ਪਲਟ ਗਈ। ਗੁਰਬਾਣੀ ਦਾ ਪਾਠ ਤੇ ਕੀਰਤਨ ਤਾਂ ਹੁੰਦੇ ਰਹੇ, ਪਰ ਉਸ ਦੇ ਜ਼ਿੰਦਗੀ 'ਤੇ ਲਾਗੂ ਅਰਥ ਅਚੇਤ ਹੀ ਬਦਲੇ। ਗੁਰੂ ਸਾਹਿਬਾਨ ਵਾਲੇ ਨਾਮ ਦਾ ਮੂਲ

ਅਲੋਪ ਹੋ ਗਿਆ। ਅਮਲੀ ਜ਼ਿੰਦਗੀ 'ਤੇ ਲਾਗੂ ਗੁਰਬਾਣੀ ਦਾ ਅਭਿਆਸ ਗੁਰੂ ਸਾਹਿਬਾਨ ਵਾਲਾ, ਅਨੰਦਪੁਰ ਦੇ ਖਾਲਸੇ ਵਾਲਾ ਨਾ ਰਿਹਾ। ਜਿਵੇਂ ਇਸਲਾਮ ਤੇ ਈਸਾਈ ਮੱਤ ਨਾਲ ਹੋਇਆ, ਹੁੰਦਾ ਹੁੰਦਾ ਅਚੇਤ ਹੀ ਇਹ ਫੀਊਡਲ-ਹਿੱਤੀ ਹੋ ਗਿਆ। ਲੋਕਾਂ ਨੂੰ ਨਾਮ ਗ੍ਰਹਿਣ ਮਤਲਬ ਜਮਾਤੀ ਚੇਤਨਤਾ ਤਾਂ ਲੀਡਰਸ਼ਿਪ ਨੇ ਹੀ ਦੇਣੀ ਸੀ। ਉਸ ਦਾ ਸੋਮਾਂ ਹੀ ਖੁਸ਼ਕ ਹੋ ਗਿਆ। ਸਿਆਸੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ ਅਣਹੋਂਦ ਕਾਰਨ ਫੀਊਡਲ ਦੇ ਰਾਹ ਤੇ ਅਮਲ ਨੇ ਲੋਕਾਂ ਨੂੰ ਆਪਣੇ ਰਾਹੇ ਪਾ ਹੀ ਲੈਣਾ ਸੀ, ਸੋ ਪਾ ਲਿਆ। ਲਹਿਰ ਵਿਚ ਹੋਈ ਇਸ ਜਮਾਤੀ ਉਲਟ-ਪੁਲਟੀ ਨਾਲ ਗੁਰਬਾਣੀ ਦੇ ਅਰਥਾਂ ਵਿਚ ਸਿਖ, ਗੁਰੂ ਗੋਬਿੰਦ ਸਿੰਘ ਦੇ ਅਰਥਾਂ ਵਿਚ ਖਾਲਸੇ ਦੇ ਬਣਨ ਦਾ ਵੇਗ ਹੀ ਖਤਮ ਹੋ ਗਿਆ। ਬਣਨ ਕੌਣ ਲਗ ਪਏ? ਅਖੌਤੀ ਸਿਖ। ਮਾਇਆ ਦੇ ਵਿਰੋਧੀਆਂ ਤੋਂ ਹਟ ਕੇ ਮਾਇਆ ਦੇ ਸਿਖ। ਪਦਾਰਥਾਂ 'ਤੇ ਮੋਹਤ ਹੋਏ, ਮਾਇਆ ਦੇ ਨਿਜ਼ਾਮ ਤੇ ਰਾਜ 'ਤੇ ਮੋਹਤ ਹੋਏ ਸਿਖ, ਕਬਜ਼ੇ ਦੀ ਹਵਸ ਦੇ ਕਾਬੂ ਆਏ ਸਿਖ। ਹੁਣ ਤਕ ਹਰ ਇਕ ਨੂੰ ਦਿਸ ਪਿਆ ਸੀ ਕਿ ਪੰਜਾਬ ਵਿਚ ਸਿਆਸੀ ਤਾਕਤ ਸਿਖ ਗੁਰੀਲਿਆਂ ਦੇ ਸਰਦਾਰਾਂ ਕੋਲ ਆ ਰਹੀ ਹੈ। ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨਾ ਮਾਇਆ ਦੇ ਨਿਜ਼ਾਮ ਦੇ ਅਨੁਸਾਰੀ ਢਲੇ ਬੰਦਿਆਂ ਦਾ ਖਾਸਾ ਤੁਰਿਆ ਹੀ ਆਇਆ ਹੈ। ਸੋ ਸਿਖ ਸਰਦਾਰਾਂ ਦੇ ਹੱਥਾਂ ਵਿਚ ਰਾਜ ਆ ਰਿਹਾ ਵੇਖ ਕੇ ਇਨ੍ਹਾਂ ਅਖੌਤੀ ਸਿਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਕੁਦਰਤੀ ਸੀ। ਯਥਾ ਰਾਜਾ ਤਥਾ ਪਰਜਾ ਦੇ ਕਾਨੂੰਨ ਦੇ ਅਧੀਨ ਪੰਜਾਬ ਦੀ ਆਬਾਦੀ ਵਿਚ ਜਿੰਨੇ ਫ਼ੀ ਸਦੀ ਸਿਖ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਮੇਂ ਸਨ, ਓਨੇ ਫ਼ੀ ਸਦੀ ਨਾ ਉਸ ਤੋਂ ਕਦੇ ਪਹਿਲਾਂ ਹੋਏ ਸਨ ਅਤੇ ਨਾ ਮੁੜ ਅੱਜ ਤਕ ਹੋਏ ਹਨ।

ਸੋ ਅਖੌਤੀ ਸਿਖਾਂ ਦੀ ਗਿਣਤੀ ਵਿਚ ਵਾਧਾ ਹੋਣਾ ਇਸ ਗੱਲ ਦੀ ਗਵਾਹੀ ਨਹੀਂ ਕਿ ਉਸ ਸਮੇਂ ਵਿਚ ਸਿਖ-ਲਹਿਰ ਉਸੇ ਜਮਾਤੀ ਪੈਂਤੜੇ 'ਤੇ — ਮਨੁਖ ਦੀ, ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ 'ਤੇ ਸੀ ਜਿਸ 'ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸੀ। ਮੁਲਕ ਵਿਚ ਬੇਅੰਤ ਹਿੰਦੂ ਤੇ ਅਣਗਿਣਤ ਮੁਸਲਮਾਨ ਸਨ। ਪਰ ਗੁਰੂ ਨਾਨਕ ਸਾਹਿਬ ਨੇ ਕਿਹਾ ਸੀ ਨਾ ਕੋ ਹਿੰਦੂ ਨਾ ਕੋ ਮੁਸਲਮਾਨ। ਅਤੇ ਉਨ੍ਹਾਂ ਆਪਣੇ ਕਹੇ ਦੀ ਵਿਆਖਿਆ ਵੀ ਕੀਤੀ ਸੀ। ਅਰਥ ਵੀ ਦਸੇ ਸਨ। "ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ। ਅਵਲਿ ਅਉਲਿ ਦੀਨੁ ਕਰਿ ਮਿੱਠਾ ਮਸਕਲ ਮਾਨਾ ਮਾਲੁ ਮੁਸਾਵੈ।" ਉਨ੍ਹਾਂ ਅਖੌਤੀ ਅਤੇ ਅਸਲ ਹਿੰਦੂਆਂ ਤੇ ਮੁਸਲਮਾਨਾਂ ਦੇ ਦਰਮਿਆਨ ਤਮੀਜ਼ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਨਾਂ ਦੇ ਹਿੰਦੂਆਂ ਤੇ ਮੁਸਲਮਾਨਾਂ ਨਾਲ ਤਾਂ ਮੁਲਕ ਭਰਿਆ ਪਿਆ ਹੈ ਪਰ ਕੁਰਾਨ ਦੇ, ਫਰੀਦ ਦੇ ਅਰਥਾਂ ਵਿਚ ਨਾ ਕੋਈ ਮੁਸਲਮਾਨ ਹੈ ਅਤੇ ਕਬੀਰ ਵਰਗੇ ਭਗਤਾਂ ਦੇ ਅਰਥਾਂ ਵਿਚ ਨਾ ਕੋਈ ਹਿੰਦੂ। ਕੀ ਹਿੰਦੂ ਤੇ ਕੀ ਮੁਸਲਮਾਨ ਸਭ ਮਾਲ ਨੂੰ ਮੁਸਾਉਣ ਦੀ ਥਾਂ ਮਾਲ ਨੂੰ ਜੱਫਾ ਮਾਰਨ ਵਾਸਤੇ ਇਕ ਦੂਸਰੇ ਦੇ ਲਹੂ ਦੇ ਤਿਹਾਏ ਹਨ। ਇਹ ਹੀ ਹਾਲ ਸਿਖ ਰਾਜ ਆਉਣ ਵੇਲੇ ਦੇ ਸਿੱਖਾਂ ਦਾ ਹੋ ਗਿਆ। ਜਿਹੜਾ ਵਿਦਵਾਨ ਅਖੌਤੀ ਤੇ ਅਸਲੀ ਵਿਚ ਤਮੀਜ਼ ਨਹੀਂ ਕਰ ਸਕਦਾ, ਜਿਸ ਦਾ ਪੈਮਾਨਾ ਇਹ ਤਮੀਜ਼ ਕਰਨਾ ਨਹੀਂ, ਉਸ ਦੇ ਕਢੇ ਨਤੀਜੇ ਸਹੀ ਕਿਸ ਤਰ੍ਹਾਂ ਹੋ ਸਕਦੇ ਹਨ। ਹਾਂਸ ਸਾਹਿਬ ਦੇ ਨਜ਼ਰੀਏ ਤੇ ਲਿਖਤ ਵਿਚ ਇਸ ਤਮੀਜ਼ ਦੀ ਕਿਤੇ ਰਿਜ਼ਮ ਵੀ ਜ਼ਾਹਿਰ ਨਹੀਂ ਹੁੰਦੀ। ਅਤੇ ਬਣਦੇ ਹਨ ਉਹ ਸਿਖ ਲਹਿਰ ਦੇ ਇਤਿਹਾਸਕਾਰ ਤੇ ਗੁਰਬਾਣੀ ਦੇ ਵਿਦਵਾਨ !



ਅਸਲ ਗੱਲ ਇਹ ਹੈ ਕਿ ਸਾਡੇ ਕਲਚਰਲ ਵਿਰਸੇ ਦੀ — ਗੁਰਬਾਣੀ ਦੀ, ਸੂਫ਼ੀਆਂ ਦੇ ਕਲਾਮ ਦੀ, ਵਾਰਿਸਸ਼ਾਹ ਆਦਿ ਕਿੱਸੇਕਾਰਾਂ ਦੀਆਂ ਰਚਨਾਵਾਂ ਦੀ ਵਿਆਖਿਆ ਸਮਾਜ ਵਿਚ ਚਲ ਰਹੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਤਨੀਂ ਅੰਗ ਹੈ ਜਿੰਨਾਂ ਚਿਰ ਸਮਾਜ ਵਿਚ ਜਮਾਤੀ ਅੰਗ ਹੈ, ਇਹ ਲਗਾਤਾਰ ਚਲਦੀ ਜਾਵੇਗੀ। ਜੇ ਇਕ ਹਾਂਸ ਬੈਠ ਜਾਵੇਂਗਾ, ਦੂਸਰਾ ਉਠ ਖੜੋਵੇਂਗਾ। ਇਸ ਪੀੜ੍ਹੀ ਦੇ ਹਾਂਸ ਖਤਮ ਹੋ ਜਾਣਗੇ, ਅਗਲੀ ਦੇ ਪੈਦਾ ਹੋ ਜਾਣਗੇ। ਇਹ ਸਿਲਸਿਲਾ ਚਲਦਾ ਜਾਵੇਗਾ। ਕਿਸੇ ਨੂੰ ਇਸ ਖੁਸ਼ਫਹਿਮੀ ਵਿਚ ਨਹੀਂ ਰਹਿਣਾ ਚਾਹੀਦਾ ਕਿ ਚਾਰ ਮਜ਼ਮੂਨ ਲਿਖਿਆਂ ਜਾਂ ਇਕ ਵੇਰ ਸਿੱਕੇਬੰਦ ਗਵਾਹੀਆਂ ਦੇਕੇ ਗੱਲ ਸਪਸ਼ਟ ਕਰਨ ਨਾਲ ਮਸਲਾ ਹਮੇਸ਼ਾਂ ਵਾਸਤੇ ਨਜਿਠਿਆ ਜਾਵੇਗਾ। ਨਾ ਇਸ ਗੱਲ ਤੋਂ ਕਿਸੇ ਨੂੰ ਅਕਣਾ ਚਾਹੀਦਾ ਹੈ, ਨਾ ਹੀ ਕਿਸੇ ਕਿਸਮ ਦੀ ਚਿੜ੍ਹ ਹੀ ਚੜ੍ਹਨੀ ਚਾਹੀਦੀ ਹੈ ਕਿ ਮੁੜ ਮੁੜ ਉਹ ਹੀ ਗੱਲਾਂ ਦੁਹਰਾਈਆਂ ਜਾ ਰਹੀਆਂ ਹਨ। ਇਹ ਮਸਲਾ ਚਲਦੀ ਜਾ ਰਹੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦਾ ਹੈ, ਸੱਚਿਆਈ ਨੂੰ ਇਕ ਵੇਰ ਪ੍ਰਤੱਖ ਕਰਨ ਦਾ ਨਹੀਂ।

---

■ ਲੈਨਿਨ ਦੇ ਅਨੁਸਾਰ ਤਾਲਿਸਤਾਏ ਦੀ ਲੇਖਕ ਦੇ ਤੌਰ 'ਤੇ ਮਹਾਨਤਾ ਇਸ ਗੱਲ ਵਿਚ ਸੀ ਕਿ ਉਸ ਨੇ ਆਪਣੀਆਂ ਰਚਨਾਵਾਂ ਵਿਚ ਮੁਖ ਸਮਾਜਕ ਸਮਸਿਆਵਾਂ ਨੂੰ ਹੱਥ ਪਾਇਆ, ਅਤੇ ਇਸ ਗੱਲ ਵਿਚ ਵੀ ਕਿ ਜ਼ਿੰਦਗੀ ਦਾ ਚਿੱਤਰ ਪੇਸ਼ ਕਰਨ ਦੀ ਉਸ ਦੀ ਸਮਰੱਥਾ ਅਥਾਹ ਸੀ। ਬੇਮਿਸਾਲ ਪਰਚੰਡ ਸਿਰਜਣਾਤਮਕ ਸ਼ਖ਼ਸੀਅਤ ਵਾਲਾ ਹੋਣ ਦੇ ਨਾਤੇ ਤਾਲਿਸਤਾਏ ਨੇ ਸਮੁਚੇ ਸਮਾਜਕ ਅਮਲ ਦਾ ਚਿਤਰ ਪੇਸ਼ ਕੀਤਾ।

■ ਨਵੇਂ ਲੇਖਕ ਦੀ ਹਰ ਕਿਤਾਬ ਅੰਦਰੋਂ ਉਹਨਾਂ ਸਭ ਕਿਤਾਬਾਂ ਨਾਲ ਜੁੜੀ ਹੁੰਦੀ ਹੈ ਜਿਹੜੀਆਂ ਪਹਿਲਾਂ ਹੋਂਦ ਵਿਚ ਆ ਚੁਕੀਆਂ ਹੁੰਦੀਆਂ ਹਨ ਅਤੇ ਹਰ ਨਵੀਂ ਕਿਤਾਬ ਵਿਚ ਉਹਨਾਂ ਸਭ ਕਿਤਾਬਾਂ ਦੇ ਤੱਤ ਹੁੰਦੇ ਹਨ। ਸਟੈਂਨਡਲ, ਬਲਜ਼ਾਕ ਫਲਾਬੇਅਰ ਤੇ ਮੋਪਾਸਾਂ ਇਕ ਦੂਜੇ ਤੋਂ ਬਿਨਾਂ ਮੁਮਕਿਨ ਹੀ ਨਾ ਹੁੰਦੇ; ਜੇ ਪਹਿਲਿਆਂ ਦੋਹਾਂ ਨੇ ਆਪਣਾ ਕੰਮ ਨਾ ਮੁਕਾਇਆ ਹੁੰਦਾ, ਤਾਂ ਫਲਾਬੇਅਰ ਤੇ ਮੋਪਾਸਾਂ ਨੂੰ ਉਹ ਕਰਨਾ ਪੈਂਦਾ।

■ ਹੈਮਿੰਗਵੇ ਨੇ ਇਹ ਗੱਲ ਸਮਝਾਈ ਹੈ ਕਿ ਚੰਗੀ ਕਹਾਣੀ ਲਿਖਣ ਦਾ ਇਕ ਤਰੀਕਾ ਇਹ ਹੈ ਕਿ ਕਹਾਣੀ ਲਿਖਣ ਤੋਂ ਪਿਛੋਂ ਉਸ ਵਿਚੋਂ ਕਟ ਦੇਣਾ ਸਿਖੋ; ਸਿਰਫ਼ ਬੁਰੀਆਂ ਚੀਜ਼ਾਂ ਹੀ ਨਹੀਂ, ਸਗੋਂ ਚੰਗੀਆਂ ਵੀ, ਤਾਕਿ ਜੋ ਰਹਿ ਜਾਵੇ, ਉਸ ਦੀ ਧਾਰ ਤੇਜ਼ ਹੋਵੇ।

■ ਹਰ ਪ੍ਰਤਿਭਾ ਦੀਆਂ ਕੁਝ ਹਦਾਂ ਹੁੰਦੀਆਂ ਹਨ। ਸਿਰਫ਼ ਮੂਰਖਤਾ ਹੀ ਇਸ ਔਗਣ ਤੋਂ ਮੁਕਤ ਹੁੰਦੀ ਹੈ।

■ ਵਿਦਿਆ ਜ਼ਰੂਰ ਨਾਕਸ ਚੀਜ਼ ਹੁੰਦੀ ਹੋਵੇਗੀ। ਬਹੁਤ ਸਾਰੇ ਮਾਪਿਆਂ ਦੇ ਬੱਚੇ ਜ਼ਹੀਨ ਹੁੰਦੇ ਹਨ; ਵੱਡੇ ਹੋਕੇ ਸਭ ਖੋਤੇ ਨਿਕਲਦੇ ਹਨ।

■ ਕਿਹਾ ਜਾਂਦਾ ਹੈ ਪ੍ਰੋਫ਼ੈਸਰ ਦੂਜੇ ਲੋਕਾਂ ਨਾਲੋਂ ਸਿਆਣੇ ਨਹੀਂ ਹੁੰਦੇ, ਉਹਨਾਂ ਨੇ ਸਿਰਫ਼ ਆਪਣੀ ਅਗਿਆਨਤਾ ਨੂੰ ਲਾਮਬੰਦ ਕਰ ਲਿਆ ਹੁੰਦਾ ਹੈ, ਬੇਇਲਮੀ ਨੂੰ ਤਰਤੀਬ ਦੇ ਲਈ ਹੁੰਦੀ ਹੈ।

■ ਯੁਵਤਾਂ ਯੁਵਤੀਆਂ ਸਾਹਮਣੇ ਅਜ ਸਭ ਤੋਂ ਔਖਾ ਕੰਮ ਚੰਗਾ ਸਦਾਚਾਰ ਸਿਖਣਾ ਹੈ, ਕਿਉਂਕਿ ਇਸ ਦੀ ਮਿਸਾਲ ਇਹਨਾਂ ਸਾਹਮਣੇ ਕੋਈ ਹੈ ਨਹੀਂ।

ਬਲਬੀਰ ਸਿੰਘ

## ਇਕੋ ਚੌਂਤਰੇ ਦੇ ਭਿਆਲ

ਸਰਮਾਏਦਾਰੀ ਦੇ ਆਰਥਕ-ਸਮਾਜਕ ਪ੍ਰਬੰਧ ਤੋਂ ਪ੍ਰਭਾਵਤ ਅਤੇ ਉਸ ਪ੍ਰਬੰਧ ਦੇ ਹਕ 'ਚ ਬੋਲਣ ਵਾਲੇ ਬੁਧੀਜੀਵੀ ਉਸ ਪ੍ਰਬੰਧ ਦੇ ਗੁਣ ਗੌਂਦਿਆਂ ਦੋ ਗੱਲਾਂ ਦਾ ਜ਼ਿਕਰ ਜ਼ਰੂਰ ਕਰਦੇ ਹਨ। ਇਕ ਤਾਂ ਉਹ ਇਹ ਕਹਿੰਦੇ ਹਨ ਕਿ ਇਹ ਪ੍ਰਬੰਧ ਸਭ ਨੂੰ ਮੌਕਾ ਦੇਂਦਾ ਹੈ ਅਮੀਰ ਬਣਨ ਦਾ, ਦੌਲਤ ਕਮਾਉਣ ਦਾ। ਜਿਸ ਕੋਲ ਦਿਮਾਗ ਹੁੰਦਾ ਹੈ ਜਾਂ ਜਿਹੜਾ ਦਿਮਾਗ ਦੀ ਸਹੀ ਵਰਤੋਂ ਕਰ ਲੈਂਦਾ ਹੈ, ਮਿਹਨਤ ਕਰਦਾ ਹੈ ਉਹ ਉਪਰ ਚੜ੍ਹ ਜਾਂਦਾ ਹੈ। ਇਸ ਗੱਲ ਨਾਲ ਜੁੜੀਆਂ ਦੋ ਅਸਲੀਅਤਾਂ 'ਤੇ ਪਰ ਇਹ ਲੋਕ ਬੜੀ ਚਾਲਾਕੀ ਨਾਲ ਪਰਦਾ ਪਾ ਜਾਂਦੇ ਹਨ। ਪਹਿਲੀ ਤਾਂ ਇਹ ਕਿ ਇਹ ਪ੍ਰਬੰਧ ਸਭ ਨੂੰ ਮੌਕਾ ਨਹੀਂ ਦੇਂਦਾ । ਅਮੀਰਾਂ ਵਿਚੋਂ, ਸਾਹਿਬੇ-ਜਾਇਦਾਦ ਤੇ ਧਨਵਾਨ ਲੋਕਾਂ ਵਿਚੋਂ ਤਾਂ ਸੌ ਫੀ ਸਦੀ ਨੂੰ ਮੌਕੇ ਹੀ ਮੌਕੇ ਹਨ, ਪਰ ਨਿਰਧਨ, ਕੰਗਲੇ ਇਕ ਲੱਖ ਤੇ ਕਈ ਵਾਰ ਦਸ ਲੱਖ ਜੀਆਂ ਵਿਚੋਂ ਕਿਸੇ ਇਕ ਨੂੰ ਹੀ "ਮੌਕਾ" ਮਿਲਦਾ ਹੈ ਧਨ ਕਮਾਉਣ ਦਾ ਤੇ ਉਪਰਲਿਆਂ ਵਿਚ ਜਾ ਕੇ ਰਲਣ ਦਾ। ਦੂਜੀ ਅਸਲੀਅਤ ਜਿਸ 'ਤੇ ਇਹ ਲੋਕ ਪਰਦਾ ਪਾ ਜਾਂਦੇ ਹਨ ਇਹ ਹੈ ਕਿ ਇਹ ਧਨ ਵੀ ਕਮਾਇਆ ਦਿਮਾਗ਼ ਦੀ ਵਰਤੋਂ ਨਾਲ, ਮਿਹਨਤ ਨਾਲ ਨਹੀਂ ਜਾਂਦਾ; ਇਹ ਹੁਸ਼ਿਆਰੀ ਨਾਲ, ਠੱਗੀ ਨਾਲ, ਚੁਸਤੀ ਚਾਲਾਕੀ ਨਾਲ, ਬੇਈਮਾਨ ਨਾਲ ਅਤੇ ਕਈਆਂ ਹੋਰਨਾਂ ਦੀ ਛਿੱਲ ਲਾਹ ਕੇ ਹੀ ਕਮਾਇਆ ਜਾਂਦਾ ਹੈ। ਇਸ ਹੁਸ਼ਿਆਰੀ, ਠੱਗੀ, ਬੇਈਮਾਨੀ, ਲੁਟ-ਖਸੁਟ ਨੂੰ ਇਹ ਲੋਕ ਆਪਣੀ ਸ਼ਬਦਾਵਲੀ ਵਿਚ ਧੰਦਾ, ਕਾਰੋਬਾਰ, ਇੰਡਸਟਰੀ ਕਹਿੰਦੇ ਹਨ।

ਦੂਸਰੀ ਗੱਲ ਜਿਸ 'ਤੇ ਇਹ ਬੁਧੀਜੀਵੀ ਬਹੁਤ ਜ਼ੋਰ ਦੇਂਦੇ ਹਨ ਇਹ ਹੈ ਕਿ ਸਰਮਾਏਦਾਰੀ ਪ੍ਰਬੰਧ ਵਿਚ ਸੁਹਣਾ ਜੀਵਨ ਜੀਊਣ ਜੀਵਨ-ਮਿਆਰ ਚੰਗੇਰਾ ਕਰਨ, ਚੱਜ ਦਾ ਖਾਣ ਪੀਣ ਤੇ ਸੁਥਰਾ ਹੰਢਾਉਣ ਦੇ ਅਵਸਰ ਸਭ ਲਈ ਖੁਲ੍ਹੇ ਹਨ। ਜਿੰਨੀ ਸੁਹਣੀ ਜ਼ਿੰਦਗੀ ਤੁਸੀਂ ਜੀਊਣਾ ਚਾਹੋ, ਜੀਊ ਸਕਦੇ ਹੋ। ਇਹ ਨਹੀਂ ਪਈ ਖਾਣ ਪੀਣ ਅਤੇ ਪਹਿਣਨ 'ਤੇ ਸਮਾਜਵਾਦੀ ਦੇਸ਼ਾਂ ਵਾਂਗ ਕੋਈ ਪਾਬੰਦੀ ਹੈ । ਇਥੇ ਵੀ ਇਸ ਗੱਲ ਵਿਚ ਇਕ ਰਮਜ਼ ਹੈ ਜਿਸ ਨੂੰ ਇਹ ਬੁਧੀਜੀਵੀ ਹੁਸ਼ਿਆਰੀ ਨਾਲ ਛੁਪਾ ਜਾਂਦੇ ਹਨ। "ਚੰਗਾ ਜੀਵਨ ਜੀਊਣ" ਤੋਂ ਉਹਨਾਂ ਦੀ ਮੁਰਾਦ ਇਨਸਾਨਾਂ ਵਾਲਾ ਜੀਵਨ ਜੀਊਣਾ ਨਹੀਂ ਹੁੰਦਾ, ਸਗੋਂ ਵਧ ਤੋਂ ਵਧ ਖਾਣ ਪੀਣ, ਹੰਢਾਉਣ ਤੇ ਬਿਸਤਰੇ ਦੀ ਅਯਾਸ਼ੀ ਹੀ ਹੁੰਦਾ ਹੈ। ਇਸ ਦੇ ਪਿਛੇ ਸਗੋਂ "ਦੂਜਿਆਂ ਨਾਲੋਂ ਵਧੇਰੇ" ਦੀ ਗੱਲ ਵੀ ਛੁਪੀ ਹੁੰਦੀ ਹੈ। ਜਿਵੇਂ ਉਪਜ ਅਤੇ ਖ਼ਿਉਪਾਰ ਦੇ ਖੇਤਰ ਵਿਚ ਵਧ ਤੋਂ ਵਧ ਉਪਜ, ਵਧ ਤੋਂ ਵਧ ਵਿਕਰੀ ਤੇ ਵਧ ਤੋਂ ਵਧ ਮੁਨਾਫ਼ਾ ਕਮਾਉਣਾ "ਮਨੁਖ ਦੀ ਮੁਕਾਬਲਾਬਾਜ਼ੀ ਦੀ ਫ਼ਿਤਰਤ" ਦੇ ਗਲ ਮੱੜ ਕੇ, ਦੂਜਿਆਂ ਨਾਲੋਂ ਵਧ ਚੜ੍ਹ ਕੇ ਅਗੇ ਨਿਕਲਣ ਦਾ ਅਸੂਲ ਦਰਸਾਇਆ ਜਾਂਦਾ ਹੈ, ਏਸੇ ਤਰ੍ਹਾਂ ਦੂਜਿਆਂ ਨਾਲੋਂ ਵਧ ਚੜ੍ਹ ਕੇ ਖਾਣ ਪੀਣ ਤੇ ਹੰਢਾਉਣ ਨੂੰ ਵੀ ਗੁਣ ਕਰਕੇ ਹੀ ਪੇਸ਼ ਕੀਤਾ ਜਾਂਦਾ ਹੈ। ਜਿੰਨਾ ਬਹੁਤਾ ਖਾ ਖਾ ਤੁਸੀਂ ਹਗੋਗੇ, ਜਿੰਨਾ ਬਹੁਤਾ ਮਾਸ ਨਾਲ ਮਾਸ ਤੁਸੀਂ ਰਗੜੀ ਚਲੋਗੇ, ਉਤਨੇ ਹੀ ਤੁਸੀਂ ਅਮੀਰ, ਪਤਵੰਤੇ, ਵੱਡੇ ਆਦਮੀ ਅਤੇ ਉਚੇਰੇ ਜੀਵਨ-ਮਿਆਰ ਵਾਲੇ ਬੰਦੇ ਸਮਝੇ ਜਾਉਗੇ।

ਉਚੇ ਜੀਵਨ-ਮਿਆਰ ਦੀ ਇਸ ਗੱਲ ਪਿਛੇ ਇਕ ਹੋਰ ਰਮਜ਼ ਵੀ ਛੁਪੀ ਹੁੰਦੀ ਹੈ। ਦੂਜਿਆਂ ਨਾਲੋਂ ਉਚੇਰਾ ਜੀਵਨ-ਮਿਆਰ, ਦੂਜਿਆਂ ਨੂੰ ਲਿਤਾੜ ਕੇ ਅਗੇ ਲੰਘ ਜਾਣ ਦੀ ਗੱਲ...ਜੇ ਸਭ ਲੋਕ ਤੁਹਾਡੇ ਜਿੰਨਾ ਹੀ ਚਰਣ ਲਗ ਪੈਣ, ਤਾਂ ਤੁਹਾਡਾ ਜੀਵਨ-ਮਿਆਰ ਫਿਰ ਸੁਆਹ ਹੋਇਆ ? ਜਿਹਨੂੰ ਤੁਸੀਂ ਅਯਾਸ਼ੀ ਸਮਝਦੇ ਹੋ, ਜੇ ਉਹ ਹਰ ਇਕ ਨੂੰ ਨਸੀਬ ਹੋਣ ਲਗ ਪਈ, ਤਾਂ ਫਿਰ ਉਹ ਅਯਾਸ਼ੀ ਕਾਹਦੀ ਹੋਈ ? ਆਪਣੇ ਆਪ ਨੂੰ ਉਚੇ ਤੇ ਖ਼ਾਸ ਉਲ ਖ਼ਾਸ ਬਣਾਨ ਅਤੇ ਰਖਣ ਵਿਚ ਦੂਜਿਆਂ ਨੂੰ ਆਮ ਜਿਹੇ, ਨੀਵੇਂ ਤੋਂ ਨੀਵੇਂ ਰਖਣ ਦੀ ਗੱਲ ਛੁਪੀ ਹੋਈ ਹੈ। ਮਤਲਬ ਇਹ ਕਿ ਤੁਹਾਡਾ ਸਬੰਧ ਦੂਜਿਆਂ ਨਾਲ ਹਰ ਖੇਤਰ ਵਿਚ ਬੰਦੇ ਦਾ ਬੰਦੇ ਵਾਲਾ ਨਾ ਹੋਵੇ, ਅਗੋਂ ਬਘਿਆੜ ਦਾ ਬੰਦੇ ਵਾਲਾ ਹੋਵੇ ।

ਏਸੇ ਤਰ੍ਹਾਂ ਦੀ ਗੱਲ ਉਹਨਾਂ ਦੇਸ਼ਾਂ ਦੇ ਬੁਧੀਜੀਵੀ ਵੀ ਕਰਦੇ ਹਨ ਜਿਨ੍ਹਾਂ ਦੇਸ਼ਾਂ ਨੂੰ "ਸਮਾਜਵਾਦੀ" ਦੇਸ਼ ਕਿਹਾ ਜਾਂਦਾ ਹੈ। ਉਹ ਕਹਿੰਦੇ ਹਨ ਸਾਡਾ ਪ੍ਰਬੰਧ ਹਰ ਇਕ ਨੂੰ ਇਕੋ ਜਿਹੇ ਮੌਕੇ ਦੇਂਦਾ ਹੈ। ਹਾਂ, ਕਾਗਜ਼ੀਂ ਕਾਨੂੰਨੀ ਤਾਂ ਦੇਂਦਾ ਹੈ (ਜਿਵੇਂ ਸਰਮਾਏਦਾਰ ਪ੍ਰਬੰਧ ਅਸੂਲਨ ਤਾਂ ਸਭ ਨੂੰ ਮੌਕਾ ਦੇਂਦਾ ਹੈ) ਪਰ ਜੇ ਉਸ "ਸਮਾਜਵਾਦ" ਅੰਦਰ ਇਕ ਹਾਕਮ ਜਮਾਤ, ਵਿਸ਼ੇਸ਼ ਸਹੂਲਤਾਂ ਦੀ ਮਾਲਿਕ ਇਕ ਸ਼੍ਰੇਣੀ ਪੈਦਾ ਹੋ ਜਾਏ, ਤਾਂ ਸਭ ਮੌਕੇ ਇਸ ਸ਼੍ਰੇਣੀ ਦੇ ਜੀਆਂ ਨੂੰ ਹੀ ਮਿਲਣਗੇ, ਆਮ ਲੋਕ ਤੇ ਜਨਤਾ ਭਠ ਝੋਖਣ ਦੇ ਪਧਰ 'ਤੇ ਹੀ ਰਵ੍ਹੇਗੀ। ਵਿਸ਼ੇਸ਼ ਸਹੂਲਤਾਂ ਮਾਣਨ ਦੀ ਆਦਤ ਇਕ ਬੀਮਾਰੀ ਹੈ, ਜਿਸ ਨੂੰ ਇਕ ਵਾਰ ਇਹ ਬੀਮਾਰੀ ਚਮੜ ਜਾਏ, ਥੋੜੇ ਕੀਤਿਆਂ ਇਹ ਉਸ ਨੂੰ ਛਡਦੀ ਨਹੀਂ। "ਵਿਸ਼ੇਸ਼ ਅਧਿਕਾਰ" ਮਾਣਨਾ ਮਾਖਿਉਂ-ਮਿੱਠੀ ਵਸਤੂ ਹੈ। ਜਿਸ ਦੇ ਮੂੰਹ ਨੂੰ ਇਕ ਵਾਰ ਖ਼ੂਨ ਲਗ ਜਾਏ ਉਹ ਵੈਸ਼ਨੂੰ ਨਹੀਂ ਹੋ ਸਕਦਾ। "ਵਿਸ਼ੇਸ਼ ਸਹੂਲਤਾਂ ਦੀ ਬੀਮਾਰੀ ਪਲੇਗ ਵਾਂਗ ਫੈਲਦੀ ਹੈ। ਇਕ ਵਾਰ ਵਿਸ਼ੇਸ਼ ਅਧਿਕਾਰਾਂ ਦੇ ਮਾਲਿਕਾਂ ਨੂੰ ਵਿਸ਼ੇਸ਼ ਦੁਕਾਨਾਂ ਤੋਂ ਵਸਤਾਂ ਖਰੀਦਣ ਦੀ ਆਦਤ ਪੈ ਜਾਵੇ, ਉਹ ਫਿਰ ਆਮ ਜਨਤਾ ਦੀਆਂ ਦੁਕਾਨਾਂ 'ਤੇ ਕਿਉਂ ਜਾਣਗੇ ? ਇਕ ਵਾਰ ਉਹਨਾਂ ਨੂੰ ਵਿਸ਼ੇਸ਼ ਹਸਪਤਾਲਾਂ ਵਿਚ ਆਪਣਾ ਇਲਾਜ ਕਰਾਉਣ ਦੀਆਂ ਸਹੂਲਤਾਂ ਮਿਲ ਜਾਣ,ਉਹ ਫਿਰ ਆਮ ਸਰਕਾਰੀ/ਜਨਤਕ ਹਸਪਤਾਲਾਂ ਵਿਚ ਕਿਉਂ ਖੱਜਲ-ਖੁਆਰ ਹੋਣਾ ਪਸੰਦ ਕਰਨਗੇ? ਇਕ ਵਾਰ ਉਨ੍ਹਾਂ ਕੋਲ ਆਪਣੀਆਂ ਕਾਰਾਂ ਹੋ ਜਾਣ,ਫਿਰ ਉਹ ਆਮ ਬੱਸਾਂ 'ਤੇ ਕਿਉਂ ਚੜ੍ਹਨਗੇ ? ਜੇ ਕੁਝ ਥਾਵਾਂ 'ਤੇ 'ਸਿਰਫ਼ ਪਾਰਟੀ ਮੈਂਬਰਾਂ ਲਈ ਹੀ' ਦੇ ਫੱਟੇ ਲਗ ਜਾਣ ਤਾਂ ਕਈ ਮੈਂਬਰ ਉਨ੍ਹਾਂ ਥਾਵਾਂ ਦੇ ਸੁਖ ਤੇ ਐਸ਼ ਲੈਣ ਲਈ ਨੀਚ ਤੋਂ ਨੀਚ ਹਰ ਕੰਮ ਕਰਨ ਲਈ ਤਿਆਰ ਹੋਣਗੇ।" (ਸੋਲਜ਼ਿਨਿਤਸਿਨ ਦੇ ਨਾਵਲ "ਦੀ ਫਸਟ ਸਰਕਲ" ਦਾ ਇਕ ਪਾਤਰ)।

ਜੇ ਕਿਸੇ ਸਮਾਜਵਾਦੀ ਦੇਸ਼ ਵਿਚ ਵਸੋਂ ਦੇ ਕਿਸੇ ਭਾਗ ਨੂੰ ਵਿਸ਼ੇਸ਼ ਸਹੂਲਤਾਂ ਮਿਲੀਆਂ ਹੋਈਆਂ ਹਨ (ਭਾਵੇਂ ਉਸ ਭਾਗ ਨੂੰ ਦੁਧ-ਨਹਾਤਾ ਹੀ ਦਸਿਆ ਜਾਂਦਾ ਹੋਵੇ) ਜੇ ਉਹ ਭਾਗ ਅਫ਼ਸਰਸ਼ਾਹੀ ਦਾ ਰੂਪ ਧਾਰਨ ਕਰ ਗਿਆ ਹੈ (ਭਾਵੇਂ ਉਸ ਨੂੰ ਜਨਤਾ ਦਾ ਸਹੀ, ਸੱਚਾ ਤੇ ਸੁੱਚਾ ਪ੍ਰਤੀਨਿਧ ਹੀ ਦਸਿਆ ਜਾਂਦਾ ਹੋਵੇ), ਜੇ ਇਹ ਭਾਗ ਆਪਣੇ ਨਿਜੀ ਲਾਭ, ਨਿਜੀ ਉਨਤੀ, ਕੈਰੀਅਰਿਜ਼ਮ ਦਾ ਚਲਾਇਆ ਚਲਦਾ ਹੈ, ਜੇ ਇਸ ਭਾਗ ਦੇ ਕੰਮ ਦਾ ਨਿਸ਼ਾਨਾ ਆਪਣੀਆਂ ਵਿਸ਼ੇਸ਼ ਸਹੂਲਤਾਂ ਦੀ ਮਿਕਦਾਰ ਤੇ ਕੁਆਲਟੀ ਚੰਗੇਰੀ ਕਰਦੇ ਜਾਣਾ ਹੀ ਹੈ (ਇਸ ਨੂੰ ਭਾਵੇਂ ਉਹ ਪੱਛਮ ਦੇ ਸਰਮਾਏ-ਦਾਰ ਮੁਲਕਾਂ ਨਾਲੋਂ ਵਸਤਾ ਦੀ ਉਪਜ ਵਿਚ ਅਗੇ ਜਾਣ ਦਾ ਹੀ ਨਾਂ ਦੇਂਦਾ ਹੋਵੇ)...ਤਾਂ ਸਮਝ ਲਉ ਕਿ ਉਸ ਸਮਾਜਵਾਦ ਵਿਚ ਕਿਤੇ ਰਲਾ ਪੈ ਗਿਆ ਹੈ। ਕਿਤੇ ਖੋਟ ਹੈ ਜਿਸ ਨੂੰ ਲਭਣਾ, ਉਸ ਦਾ ਵਿਸ਼ਲੇਸ਼ਣ ਕਰਨਾ ਤੇ ਉਸ ਖੋਟ ਨੂੰ ਕਢਣਾ ਸਮਾਜਵਾਦ ਦੀ ਸੇਵਾ ਹੈ।

ਸਹੀ ਅਤੇ ਸੱਚੇ ਸਮਾਜਵਾਦ ਵਿਚ ਦੇਸ਼ ਦੀ ਸਾਰੀ ਵਸੋਂ ਇਕੋ ਚੌਂਤਰੇ ਦੀ ਭਿਆਲ ਹੁੰਦੀ ਹੈ। "ਇਕੋ ਚੌਂਤਰੇ ਦੀ ਭਿਆਲ" ਇਕ ਅਲੰਕਾਰ ਹੈ ਜਿਸ ਦਾ ਮਤਲਬ ਇਹ ਹੈ ਕਿ ਦੇਸ਼ ਦੀ

ਕੁਲ ਪੈਦਾਵਾਰ — ਪਦਾਰਥਕ ਤੇ ਰੂਹਾਨੀ (ਮਤਲਬ ਕਿ ਸਭਿਆਚਾਰਕ — ਕਲਾ, ਸਾਹਿਤ ਆਦਿ) — ਸਭ ਦੀ ਸਾਂਝੀ ਹੋਵੇ। ਸਾਰੀ ਵਸੋਂ, ਵਸੋਂ ਦਾ ਹਰ ਜੀਅ ਉਸ ਦਾ ਹਿੱਸੇਦਾਰ ਹੋਵੇ।

ਇਕ ਟਬਰ "ਇਕੋ ਚੌਂਤਰੇ ਦੇ ਭਿਆਲ" ਦੇ ਸੰਕਲਪ ਦਾ ਸਭ ਤੋਂ ਵਧੀਆ ਨਮੂਨਾ ਹੈ। (ਅਸੀਂ ਉਸ ਟਬਰ ਦੀ ਗੱਲ ਨਹੀਂ ਕਰ ਰਹੇ ਜਿਸ ਵਿਚ ਜਮਾਤੀ ਸਮਾਜ ਦੀਆਂ ਬੁਰਿਆਈਆਂ ਨੇ ਘਰ ਕਰ ਲਿਆ ਹੋਵੇ, ਜਿਥੇ ਹਰ ਜੀਅ ਦੂਸਰੇ ਜੀਅ ਦੇ ਤੂੰਬੇ-ਤੋੜ ਕਰ ਰਿਹਾ ਹੋਵੇ। ਸਾਡਾ ਟਬਰ ਤੋਂ ਮਤਲਬ ਉਹ ਯੂਨਿਟ ਹੈ ਜੋ ਕੁਦਰਤ ਨੇ ਪੈਦਾ ਕੀਤਾ ਹੈ, ਜੋ ਨਾਰਮਲ ਹਾਲਾਤ ਵਿਚ ਹੋਣਾ ਚਾਹੀਦਾ ਹੈ) ਟਬਰ ਦੇ ਸਾਰੇ ਜੀਅ — ਮਰਦ, ਔਰਤ, ਬੱਚੇ — ਘਰ ਵਾਸਤੇ ਕੰਮ ਕਰਦੇ ਹਨ। ਪਦਾਰਥਕ ਤੇ ਰੂਹਾਨੀ ਵਸਤਾਂ/ਕਦਰਾਂ ਕੀਮਤਾਂ ਪੈਦਾ ਕਰਦੇ ਹਨ ਤੇ ਸਭ ਉਹਨਾਂ ਦੇ ਵਰਤਣ ਖਰਚਣ ਵਿਚ ਭਿਆਲ ਹੁੰਦੇ ਹਨ। ਉਥੇ ਇਹ ਕੋਈ ਨਹੀਂ ਕਹਿੰਦਾ ਕਿ "ਮੈਂ ਕੰਮ ਬਹੁਤਾ ਕਰ ਰਿਹਾ ਹਾਂ, ਮੈਂ ਦੂਜਿਆਂ ਨਾਲੋਂ ਬਹੁਤਾ ਖਾਵਾਂ।" ਮਾਂ ਇਹ ਨਹੀਂ ਕਹਿੰਦੀ ਕਿ "ਮੈਂ ਕੰਮ ਕਰ ਕਰ ਕੇ ਥਕ ਜਾਂਦੀ ਹਾਂ ਮੈਨੂੰ ਚੋਪੜੀ ਚਾਹੀਦੀ ਹੈ, ਬਾਕੀ ਦੇ ਸੁਕੀਆਂ ਚਬਣ।" ਇਸ ਦੇ ਉਲਟ ਸਗੋਂ ਹੁੰਦਾ ਇਹ ਹੈ ਕਿ "ਇਸ ਨੂੰ ਜ਼ਿਆਦਾ ਦਿਉ ਕਿਉਂਕਿ ਇਸ ਨੂੰ ਅਜ ਕਲ੍ਹ ਬਹੁਤ ਮਿਹਨਤ ਕਰਨੀ ਪੈ ਰਹੀ ਹੈ।" ਇਹ ਵੀ ਹੁੰਦਾ ਹੈ ਕਿ ਮਾਂ ਬਾਪ ਆਪਣੇ ਮੂੰਹ ਦੀ ਬੁਰਕੀ ਆਪਣੇ ਬੱਚਿਆਂ ਨੂੰ ਦੇਂਦੇ ਹਨ। ਉਥੇ ਆਪੋ ਧਾਪ ਨਹੀਂ ਹੁੰਦੀ, ਦੂਜਿਆਂ ਨਾਲੋਂ ਖਾਣ ਪੀਣ 'ਚ ਅਗਾਂਹ ਵਧਣ ਦੀ ਗੱਲ ਨਹੀਂ ਹੁੰਦੀ...ਉਥੇ ਮੁਕਾਬਲਾ ਹੁੰਦਾ ਹੈ — ਪਰ ਹੁੰਦਾ ਹੈ ਚੰਗੇਰੇ ਬਣਨ ਵਿਚ, ਵਧ ਤੋਂ ਵਧ ਮਨੁਖੀ ਬਣਨ ਵਿਚ, ਦੂਜੇ ਲਈ ਵਧ ਚੜ੍ਹ ਕੇ ਕੁਰਬਾਨੀ ਕਰਨ ਵਿਚ।

ਉਥੇ ਇਹ ਕਿਉਂ ਹੁੰਦਾ ਹੈ ? ਇਸ ਲਈ ਹੁੰਦਾ ਹੈ ਕਿਉਂਕਿ ਉਥੇ ਹਾਲੀ ਮਨੁਖੀ ਰਿਸ਼ਤਾ ਕਾਇਮ ਹੈ (ਬਹੁਤੇ ਟਬਰਾਂ ਵਿਚ ਜਮਾਤੀ ਸਮਾਜ ਨੇ ਇਹ ਵੀ ਨਹੀਂ ਰਹਿਣ ਦਿਤਾ), ਉਥੇ ਮਨੁਖ ਮਨੁਖ ਲਈ ਬਘਿਆੜ ਨਹੀਂ ਬਣਿਆ, ਉਥੇ ਮਨੁਖ ਹਾਲਾਂ ਅਸਲ ਮਨੁਖ ਦੇ ਰੂਪ ਵਿਚ ਹੈ, ਉਥੇ ਉਹਨੂੰ ਆਪਣਾ ਹੀ ਢਿੱਡ ਪਿਆਰਾ ਨਹੀਂ ਹੁੰਦਾ, ਉਥੇ ਉਹ ਆਪਣੀ ਪੂਰਨਤਾ ਆਪਣੀ ਪ੍ਰੇਮਕਾ (ਪਤਨੀ), ਆਪਣੇ ਬੱਚਿਆਂ ਵਿਚ ਵੇਖਦਾ ਹੈ। ਜਦੋਂ ਉਹ ਹੱਸ ਹੱਸ ਖਾਂਦੇ ਪੀਂਦੇ ਹਨ, ਉਹਨੂੰ ਰੂਹਾਨੀ ਖ਼ੁਸ਼ੀ ਮਿਲਦੀ ਹੈ, ਉਹਦੇ ਰੋਮ ਰੋਮ ਵਿਚ ਖੇੜਾ ਪਸਰਦਾ ਹੈ। ਸਮਾਜਵਾਦ ਨੇ ਮਨੁਖ ਨੂੰ ਉਸ ਮਨੁਖੀ ਰਿਸ਼ਤੇ ਦੇ ਪਧਰ 'ਤੇ ਲਿਆਉਣਾ ਹੈ ਜਿਸ ਪਧਰ 'ਤੇ ਉਹ ਹਰ ਮਾਂ ਦੇ ਜਾਏ ਨਾਲ ਉਸ ਰਿਸ਼ਤੇ ਵਿਚ ਬਝ ਸਕੇ ਜਿਸ ਨਾਲ ਉਹ ਆਪਣੀ ਪ੍ਰੇਮਕਾ (ਪਤਨੀ) ਤੇ ਆਪਣੇ ਬੱਚਿਆਂ ਨਾਲ ਬਝਿਆ ਹੁੰਦਾ ਹੈ। ਅਖੌਤੀ ਮਾਰਕਸਵਾਦੀ ਕਹਿਣਗੇ : "ਜੀ, ਇਹ ਤਾਂ ਠੀਕ ਹੈ, ਪਰ ਮਨੁਖ ਵਿਚ ਇਹ ਤਬਦੀਲੀ ਲਿਆਉਣ ਲਈ ਬੜਾ ਸਮਾਂ ਲਗੇਗਾ।" ਉਹਨਾਂ ਦੀ ਗੱਲ ਠੀਕ ਹੈ : ਮਨੁਖੀ ਬਣਤਰ ਨੂੰ ਬਦਲਣ ਲਈ ਬੜਾ ਸਮਾਂ ਲਗੇਗਾ। ਹਜ਼ਾਰਹਾ ਸਾਲ ਦੇ ਜਮਾਤੀ ਸਮਾਜ ਨੇ ਮਨੁਖੀ ਬਣਤਰ ਵਿਚ ਜੋ ਗੰਦ ਪਾਇਆ ਹੈ, ਉਸ ਪਹਿਲੇ ਧੋਣ ਨਾਲ ਹੀ ਧੁਪ ਨਹੀਂ ਜਾਣਾ। ਪਰ ਸਾਡਾ ਸੁਆਲ ਇਹ ਹੈ ਕਿ ਅੱਧੀ ਸਦੀ ਤੋਂ ਲੰਮੇਰੀ ਉਮਰ ਦੇ "ਸਮਾਜਵਾਦੀ" ਦੇਸ਼ ਵਿਚ ਇਹ ਧੋਣ ਪਾਉਣ ਵਲ ਕੁਝ ਕਦਮ ਚੁਕੇ ਗਏ ਹਨ ਕਿ ਨਹੀਂ। ਕੀ ਉਥੇ ਮਨੁਖੀ ਬਣਤਰ ਬਦਲਣ ਦੀ ਗੱਲ ਕਿਸੇ ਏਜੰਡੇ ਉਤੇ ਹੈ ? ਇਸ ਪਾਸੇ ਵਲ ਜਦੋ-ਜਹਿਦ ਜਾਰੀ ਹੈ ?

"ਇਕੋ ਚੌਂਤਰੇ ਦੇ ਭਿਆਲ" ਦੀ ਅਮਲੀ ਤੇ ਫੌਰਨ ਲਾਗੂ ਹੋਣ ਵਾਲੀ ਸ਼ਕਲ ਵੀ ਹੈ। ਇਹ ਸ਼ਕਲ ਸਿਖੀ ਪਰੰਪਰਾ ਵਿਚ ਲੰਗਰ, ਸਾਂਝੇ ਲੰਗਰ ਦੀ ਸ਼ਕਲ ਵਿਚ ਹੈ। ਸਾਂਝੇ ਲੰਗਰ ਵਿਚ ਹਰ ਕੋਈ ਆਪਣੀ ਪੁਜਤ ਮੁਤਾਬਿਕ ਰਸਦ ਪਾਣੀ ਪਾ ਦੇਂਦਾ ਹੈ; ਸਾਰੇ ਆਪਣੀ ਲੋੜ ਮੁਤਾਬਿਕ



ਉਸ ਸਾਂਝੇ ਲੰਗਰ ਵਿਚੋਂ ਪ੍ਰਸ਼ਾਦ ਪਾਣੀ ਛਕ ਲੈਂਦੇ ਹਨ। ਇਸ ਸਾਂਝੇ ਲੰਗਰ ਵਿਚ ਛੁਪੀਆਂ ਹੋਰਨਾਂ ਰਮਜ਼ਾਂ ਤੋਂ ਇਲਾਵਾ ਇਕ ਰਮਜ਼ ਇਹ ਹੈ ਕਿ ਸਭ ਜਣੇ ਇਕੋ ਖਾਣਾ ਹੀ ਖਾਂਦੇ ਹਨ। ਜੋ ਪੱਕਿਆ ਹੁੰਦਾ ਹੈ, ਸਭ ਨੂੰ ਉਹੀ ਮਿਲਦਾ ਹੈ। ਮਤਲਬ ਇਹ ਕਿ ਖਾਣ ਪੀਣ ਦੀ ਪਧਰ 'ਤੇ "ਆਪਣੀ ਪਸੰਦ" ਤੇ "ਦੂਜਿਆਂ ਨਾਲੋਂ ਚੰਗੇਰਾ ਖਾਣ ਪੀਣ" ਦੀਆਂ ਗੱਲਾਂ ਧੋ ਦਿਤੀਆਂ ਗਈਆਂ ਹਨ ! ਇਹੀ ਸਾਂਝਾ ਲੰਗਰ ਜੇ ਕੁਲ ਭਾਈਚਾਰੇ ਲਈ, ਬਾਰਾਂ ਮਹੀਨੇ ਤੀਹ ਦਿਨ ਚਲਣ ਵਾਲਾ ਪ੍ਰਬੰਧ ਬਣ ਜਾਏ ਤਾਂ ਇਸ ਦੇ ਸਮਾਜਕ, ਮਾਨਸਕ, ਆਰਥਕ ਲਾਭਾਂ ਦਾ ਅੰਤ ਨਹੀਂ।

ਅਜ ਘਰ ਘਰ ਚੁਲ੍ਹਾ ਤਪਦਾ ਹੈ। ਹਰ ਘਰ ਦੇ ਜੀਆਂ ਨੂੰ ਨਾ ਸਿਰਫ਼ ਖਾਣ ਪੀਣ ਦਾ ਹਰ ਤਰ੍ਹਾਂ ਦਾ ਸਾਮਾਨ ਹੀ ਆਪ ਇਕੱਠਾ ਕਰਨਾ ਪੈਂਦਾ ਹੈ, ਬਲਕਿ ਉਸ ਨੂੰ ਸਾਂਭਣ, ਪਕਾਣ ਪਰੋਸਣ ਦਾ ਕੰਮ ਤੇ ਫਿਰ ਖਾਣ ਪਿਛੋਂ ਸਫ਼ਾਈ ਆਦਿ ਦਾ ਕੰਮ ਵੀ ਆਪ ਹੀ ਕਰਨਾ ਪੈਂਦਾ ਹੈ। ਘਰ ਦੇ ਜੀਆਂ ਦਾ ਬਹੁਤ ਸਾਰਾ ਸਮਾਂ ਖਾਣ ਪੀਣ ਦੀਆਂ ਵਸਤਾਂ ਬਾਰੇ ਸੋਚਣ, ਉਹਨਾਂ ਦੀ ਪਲਾਨਿੰਗ ਕਰਨ 'ਤੇ ਨਸ਼ਟ ਹੁੰਦਾ ਹੈ। ਉਹ ਖਾਂਦੇ ਸ਼ਾਇਦ ਘਟ ਹਨ, ਖਾਣ ਪੀਣ ਦੀਆਂ ਵਸਤਾਂ ਬਾਰੇ ਸੋਚਦੇ ਜ਼ਿਆਦਾ ਰਹਿੰਦੇ ਹਨ। ਨਾਲ ਹੀ ਇਹ ਕਸ਼ਮਕਸ਼ ਵੀ ਨਰਵਜ਼ ਨੂੰ ਤਬਾਹ ਕਰਦੀ ਰਹਿੰਦੀ ਹੈ ਕਿ ਅਸਾਂ ਲੋਕਾਂ ਨਾਲੋਂ, ਗੁਆਂਢੀਆਂ ਨਾਲੋਂ, ਰਿਸ਼ਤੇਦਾਰਾਂ ਨਾਲੋਂ ਚੰਗੇਰਾ ਖਾਣਾ ਹੈ। ਖਾਣ ਬਾਰੇ ਮੁਕਾਬਲਾਬਾਜ਼ੀ ਦਾ ਜ਼ਹਿਰ ਅੰਦਰ ਖਾਤੇ ਰਿਝਦਾ ਰਹਿੰਦਾ ਹੈ।

ਖਾਣ ਪੀਣ ਦੇ ਮੁਆਮਲੇ ਵਿਚ ਹਰ ਟੱਬਰ ਹੀ "ਅਨੋਖਾ ਤੇ ਇਕੱਲਾ" ਨਹੀਂ ਹੋ ਜਾਂਦਾ, ਉਸ ਟੱਬਰ ਦਾ ਹਰ ਜੀਅ "ਅਨੋਖੇ ਤੇ ਇਕਲਪੁਣੇ" ਦੀ ਬੀਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਮਧ-ਵਰਗ ਤੇ ਉਚੇਰੇ ਘਰਾਂ ਦੇ ਜੀਆਂ ਨੂੰ ਵੇਖੋ। ਇਕ ਜੀਅ ਦੀ ਸੁਰ ਵੀ ਘਰ ਦੇ ਦੂਜੇ ਜੀਅ ਨਾਲ ਖਾਣ ਪੀਣ ਦੇ ਮਾਮਲੇ ਵਿਚ ਨਹੀਂ ਮਿਲਦੀ। ਇਕ ਨੂੰ ਫੁਲ ਬੁਆਇਲਡ ਅੰਡਾ ਚਾਹੀਦਾ ਹੈ ਤਾਂ ਦੂਸਰੇ ਨੂੰ ਹਾਫ਼ ਬੁਆਇਲਡ, ਇਕ ਨੂੰ ਆਮਲੇਟ, ਦੂਜੇ ਨੂੰ ਪੋਰਚਡ ਤੇ ਤੀਜੇ ਨੂੰ ਸੈਕਰੇਮਬਲਡ। ਇਕ ਨੂੰ ਬੈਂਗਣ ਪਸੰਦ ਹਨ ਤੇ ਦੂਜੇ ਨੂੰ ਬੈਂਗਣ ਵੇਖ ਕੇ ਉਲਟੀ ਆਉਂਦੀ ਹੈ। ਇਕ ਘੀਆ ਖਾ ਲੈਂਦਾ ਹੈ, ਦੂਜਾ ਘੀਆ ਵੇਖ ਕੇ ਮੇਜ਼ ਤੋਂ ਉਠ ਜਾਂਦਾ ਹੈ। ਇਕ ਬਰੇਕ ਫਾਸਟ ਵਿਚ ਸਿਰਫ਼ 'ਮਿਲਕ' ਪਸੰਦ ਕਰਦਾ ਹੈ ਤੇ ਦੂਜਾ ਸਿਰਫ਼ ਦਲੀਆ। ਕੀ ਅਨਾਜ, ਕੀ ਸਬਜ਼ੀਆਂ, ਕੀ ਦਾਲਾਂ ਤੇ ਕੀ ਫਲ...ਜਿੰਨੇ ਘਰ ਦੇ ਜੀਅ, ਉਤਨੇ ਹੀ ਉਹਨਾਂ ਦੇ ਚਸਕੇ, ਉਤਨੀਆਂ ਹੀ ਉਹਨਾਂ ਦੀਆਂ ਮਨ ਮਰਜ਼ੀਆਂ !! ਇਕੱਠੇ ਬੈਠ ਕੇ, ਪਰਵਾਰ ਵਾਂਗ ਬੈਠ ਕੇ, ਇਨਸਾਨਾਂ ਦੀ ਤਰ੍ਹਾਂ ਮਿਲ ਕੇ ਬੈਠ ਕੇ ਖਾਣਾ ਖਾਣ ਦਾ ਹੀ ਸੁਆਲ ਪੈਦਾ ਨਹੀਂ ਹੁੰਦਾ; ਇਕੋ ਖਾਣਾ ਹਰ ਕਿਸੇ ਦੇ ਖਾਣ ਦੀ ਗੱਲ ਤਾਂ ਦੂਰ ਦੀ ਗੱਲ ਹੈ।

ਰੂਸ ਵਿਚ "ਅਜ ਤੋਂ ਬਾਈ ਕੁ ਸਾਲ ਪਹਿਲਾਂ (ਮਤਲਬ ਇਸ ਸਦੀ ਦੇ ਤੀਹਵੇਂ ਦਹਾਕੇ ਵਿਚ, ਇਨਕਲਾਬ ਤੋਂ ਬਾਰਾਂ ਪੰਦਰਾਂ ਸਾਲ ਬਾਅਦ ਤਕ) ਇਹ ਵਿਸ਼ਾ ਜਾਇਜ਼ ਤੌਰ 'ਤੇ ਬੜਾ ਗਰਮ ਸੀ ਕਿ ਘਰਾਂ ਵਿਚ ਰੋਟੀ ਟੁਕ ਦਾ ਪਕਣਾ ਬੰਦ ਹੋ ਜਾਵੇਗਾ; ਇਸਤਰੀ-ਜ਼ਾਤੀ ਨੂੰ ਰੋਟੀ ਟੁਕ ਪਕਾਉਣ ਦੇ ਲੱਕ-ਤੋੜ ਕੰਮ ਤੋਂ ਨਿਜਾਤ ਮਿਲ ਜਾਵੇਗੀ। ਇਸ ਖੋਤਾ ਕੰਮ ਤੋਂ ਸੁਰਖ਼ਰੂ ਹੋਈ ਭਵਿਸ਼ ਦੀ ਇਸਤਰੀ ਨੂੰ ਆਪਣੇ ਟੱਬਰ ਦੇ ਜੀਆਂ ਲਈ ਪਬਲਿਕ ਲੰਗਰਾਂ ਤੋਂ ਪੱਕਿਆ ਪਕਾਇਆ ਖਾਣਾ ਮਿਲ ਜਾਇਆ ਕਰੇਗਾ। ਇਹਨਾਂ ਨੂੰ "ਖਾਣਾ ਪਕਾਉਣ ਦੀਆਂ ਫੈਕਟਰੀਆਂ" ਦਾ ਨਾਂ ਦਿਤਾ ਜਾਵੇਗਾ...ਪਰ ਸਹਿਜੇ ਸਹਿਜੇ ਜਿਉਂ ਜਿਉਂ ਸਮਾਂ ਬੀਤਦਾ ਗਿਆ, ਇਹ ਵਿਸ਼ਾ ਅਖੋਂ ਉਹਲੇ ਕਰ ਦਿਤਾ ਗਿਆ। ਇਸ ਨੂੰ ਖ਼ਤਰਿਆਂ-ਭਰੀ ਮੁਸੀਬਤ ਸਮਝ ਕੇ ਤਿਆਗ ਦਿਤਾ

ਗਿਆ। ਹੁਣ ਤਾਂ ਹਾਲਤ ਇਹ ਹੈ ਕਿ ਘਰ ਘਰ ਖਾਣਾ ਪਕਦਾ ਹੈ, ਪਬਲਿਕ ਕੈਨਟੀਨਾਂ 'ਤੇ ਕੋਈ ਨਹੀਂ ਖਾਂਦਾ, ਸਵਾਏ ਸਖ਼ਤ ਜ਼ਰੂਰਤ ਦੇ ਵਕਤ ਹੀ..." ('ਦੀ ਫਸਟ ਸਰਕਲ')

ਜ਼ਾਹਿਰ ਹੈ ਕਿ ਜਦੋਂ ਹਰ ਟੱਬਰ ਆਪਣੇ ਹੀ ਲਈ ਖਾਣਾ ਵੱਖ ਵੱਖ ਪਕਾਏਗਾ, ਉਹ ਕਾਫੀ ਵਕਤ, ਸੋਚ, ਮਿਹਨਤ ਇਸ 'ਤੇ ਖਰਚ ਕਰੇਗਾ। ਟਬਰ ਦੇ ਜੀਆਂ ਦਾ ਧਿਆਨ ਕੀ ਪਕਾਣਾ ਹੈ, ਕਦੋਂ ਪਕਾਣਾ ਹੈ ਤੇ ਉਸ ਲਈ ਕੀ ਕੀ ਸਮੱਗਰੀ ਤੇ ਕਦੋਂ ਕਦੋਂ ਤੇ ਕਿਥੋਂ ਕਿਥੋਂ ਇਕੱਠੀ ਕਰਨੀ ਹੈ — 'ਤੇ ਲਗੇਗਾ। ਨਾਲ ਹੀ ਦੂਸਰੇ ਟੱਬਰਾਂ ਨਾਲੋਂ, ਭਾਈਚਾਰੇ ਨਾਲੋਂ, ਸਮਾਜ ਨਾਲੋਂ ਉਹਨਾਂ ਦਾ ਵੱਖਰਾਪਣ ਪਕੇਰਾ ਹੁੰਦਾ ਜਾਵੇਗਾ, ਨਾਲ ਨਾਲ ਹੀ ਦੂਸਰਿਆਂ ਨਾਲੋਂ ਵੱਖਰਾ ਤੇ ਵਧੀਆ ਖਾਣ ਦਾ ਕੰਮਪੀਟੀਸ਼ਨ ਵੀ ਜ਼ਿਹਨ ਦੀ ਕਿਸੇ ਨੁਕਰੇ ਘਰ ਕਰ ਲਵੇਗਾ। ਇਸ ਵਖਰੇਪਣ ਦਾ ਅਕਸ ਟੱਬਰ ਦੇ ਹਰ ਜੀਅ ਦੇ ਸੁਆਦ, ਪਸੰਦ ਵਿਚ ਜ਼ਾਹਿਰ ਹੋਵੇਗਾ। ਟੱਬਰ ਦਾ ਹਰ ਜੀਅ ਬਾਕੀਆਂ ਸਭ ਨਾਲੋਂ ਨਿਵੇਕਲਾ, ਵੱਖਰਾ, ਅਨੋਖਾ ਤੇ ਇਕੱਲਾ ਬਣਦਾ ਜਾਵੇਗਾ। ਕਿਸੇ ਦੀ ਕਿਸੇ ਦੂਜੇ ਨਾਲ ਸੁਰ ਨਹੀਂ ਰਲਣੀ ਚਾਹੀਦਾ — ਬਸ ਇਹੀ ਪ੍ਰਾਪਤੀ ਮਨੁਖ ਦੇ ਪੱਲੇ ਰਹਿ ਜਾਏਗੀ।

ਫ਼ੌਜ ਦੇ ਕਿਸੇ ਯੂਨਿਟ ਨੂੰ ਵੇਖੋ। ਅਫ਼ਸਰਾਂ ਦੀ ਗੱਲ ਅਸੀਂ ਨਹੀਂ ਕਰ ਰਹੇ, ਨਾ ਹੀ ਉਹਨਾਂ ਦੀਆਂ ਆਫ਼ੀਸਰ ਮੈੱਸਾਂ ਦੀ ਤੇ ਨਾ ਹੀ ਉਹਨਾਂ ਦੀਆਂ "ਵਿਸ਼ੇਸ਼ ਸਹੂਲਤਾਂ" ਦੀ। ਗੱਲ ਜੁਆਨਾਂ ਦੀ ਕਰ ਰਹੇ ਹਾਂ, ਜਿਥੇ ਸਾਂਝੇ ਕਿਚਨ ਵਿਚ ਖਾਣਾ ਪਕਦਾ ਹੈ, ਜਿਥੇ "ਇਕੋ ਚੌਂਤਰੇ ਦੇ ਭਿਆਲ" ਸਭ ਹੁੰਦੇ ਹਨ। ਉਥੇ ਦੂਜਿਆਂ ਨਾਲੋਂ "ਵੱਖਰਾ" ਖਾਣ ਦਾ ਕੰਮਪੀਟੀਸ਼ਨ ਨਹੀਂ ਹੁੰਦਾ — ਨਾ ਹੀ ਹਰ ਵਕਤ ਹਰ ਕੋਈ ਖਾਣੇ ਬਾਰੇ ਹੀ ਸੋਚਦਾ ਰਹਿੰਦਾ ਹੈ। ਸਮਾਂ ਹੋ ਜਾਣ 'ਤੇ ਸਭ ਇਕ ਥਾਂ ਬੈਠ ਕੇ, ਇਕੋ ਖਾਣਾ ਖਾਂਦੇ ਹਨ, ਇਕ ਦੂਜੇ ਨਾਲ ਮਨੁਖੀ ਸਾਂਝ ਮਹਿਸੂਸ ਕਰਦੇ ਹਨ। ਏਸੇ ਕਰਕੇ ਉਹਨਾਂ ਵਿਚ ਇਕ ਦੂਜੇ ਲਈ ਜਾਨ ਦੇ ਦੇਣ ਦੀ ਵੀ ਸਮਰਥਾ ਹੁੰਦੀ ਹੈ। ਉਹ ਹਾਲੀਂ ਵੱਖਰੇਪਣ, 'ਅਨੋਖੇ ਤੇ ਇਕੱਲੇ' ਹੋਣ ਦੀ ਬੀਮਾਰੀ ਦਾ ਸ਼ਿਕਾਰ ਨਹੀਂ ਹੋਏ।

ਦੂਜਿਆਂ ਨਾਲੋਂ ਚੰਗੇਰਾ ਤੇ "ਵੱਖਰਾ" ਖਾਣ ਦੀ ਲਿਲ੍ਹ ਮਨੁਖ ਨੂੰ ਖਾਣ ਹੰਢਾਣ ਦੇ ਰਾਹੇ ਪਾ ਦੇਂਦੀ ਹੈ। ਉਸ ਦੀ ਸਾਰੀ ਜੀਵਨ-ਜਾਚ ਆਪਣੇ ਆਪ 'ਤੇ ਕੇਂਦਰਿਤ ਹੋ ਜਾਂਦੀ ਹੈ। ਖਾਈ ਹੰਢਾਈ ਦੇ ਉਜਾੜੇ ਵਿਚ ਪੈ ਕੇ ਉਹ ਪਸ਼ੂ-ਪਧਰ 'ਤੇ ਜੀਊਣ ਲਗ ਪੈਂਦਾ ਹੈ। ਨਾਲ ਹੀ ਉਸ ਦੀਆਂ ਕੀਮਤਾਂ ਬਦਲਦੀਆਂ ਹਨ। ਉਹ ਆਪਣੀ ਮੇਜ਼ 'ਤੇ ਵਧੀਆ ਤੋਂ ਵਧੀਆ ਪਲੇਟਾਂ, ਕਰਾਕਰੀ, ਕਟ-ਗਲਾਸ ਦੇ ਸਾਜ਼ੋਸਾਮਾਨ ਆਦਿ ਇਕੱਠੇ ਕਰਨ ਵਿਚ ਆਪਣੀ ਜ਼ਿੰਦਗੀ ਦੀ ਸਫਲਤਾ ਸਮਝਣ ਲਗ ਪੈਂਦਾ ਹੈ। ਭਾਂਤ ਭਾਂਤ ਦੀਆਂ, ਮਹਿੰਗੀਆਂ ਤੋਂ ਮਹਿੰਗੀਆਂ ਵਸਤਾਂ ਨੂੰ ਆਪਣੇ ਘਰ ਵਿਚ, ਆਪਣੇ ਕਬਜ਼ੇ ਹੇਠ ਕਰ ਲੈਣ ਨੂੰ ਹੀ ਉਹ ਆਪਣੀ "ਪ੍ਰਾਪਤੀ" ਖਿਆਲ ਕਰਨ ਲਗ ਪੈਂਦਾ ਹੈ।

ਇਹ ਤਾਂ ਕੋਈ ਨਹੀਂ ਕਹਿੰਦਾ ਕਿ ਟੁਕਰ ਹੱਥ ਉਤੇ ਹੀ ਰਖ ਕੇ ਖਾ ਲੈਣ ਵਿਚ ਕੋਈ ਚੰਗਿਆਈ ਹੈ...ਪਰ ਵਸਤਾਂ ਦਾ ਇਹ ਭੋਖੜਾ, ਖਾਣ ਪੀਣ ਦਾ ਭੋਖੜਾ, ਇਹ ਸਭ ਤੋਂ ਅਗੇ ਆਪਣਾ ਆਪ ਹੀ ਰਖਣਾ, ਦੂਜਿਆਂ ਵਲੋਂ ਇਹ ਮੁਕੰਮਲ ਲਾਪ੍ਰਵਾਹੀ, ਬਲਕਿ ਉਹਨਾਂ ਨੂੰ ਲਿਤਾੜ ਕੇ, ਭੰਨ ਕੇ, ਉਜਾੜ ਕੇ ਸਭ ਆਪਣੇ ਪਾਸ ਹੀ ਇਕੱਠਾ ਕਰਨਾ, ਸਭ ਆਪਣੇ ਹੀ ਢਿੱਡ ਵਿਚ ਪਾਉਣਾ — ਇਹ ਕਿਧਰੋਂ ਮਨੁਖੀ ਪਧਰ 'ਤੇ ਜੀਊਣਾ ਹੈ ?

ਮਨੁਖਤਾ ਦਾ ਰਾਹ, ਮਨੁਖੀ ਤਰਜ਼ੇ-ਜ਼ਿੰਦਗੀ ਦਾ ਰਾਹ ਯਕੀਨਨ ਉਸ ਪ੍ਰਬੰਧ ਥਾਣੀਂ ਲੰਘਦਾ ਹੈ, ਜਿਸ ਵਿਚ "ਸਭ ਇਕੋ ਚੌਂਤਰੇ ਦੇ ਭਿਆਲ" ਹੁੰਦੇ ਹਨ।



ਸ਼ੁਜਾਉਲ ਹੱਕ, ਲਾਹੌਰੀ

## ਸਾਡੇ ਦੇਸ ਵਿਚ ਦੇਸੀ ਰਹਿਤਲ ਦੀਆਂ ਪਿਰਤਾਂ

ਪਾਕਿਸਤਾਨ ਦੀ ਇਕ ਰਹਿਤਲ ਨਹੀਂ। ਸਾਡੇ ਦੇਸ ਵਿਚ ਇਕ ਦੇਸੀ ਰਹਿਤਲ ਜਾਂ ਲੋਕਾਂ ਦੀ ਰਹਿਤਲ ਹੈ ਤੇ ਦੂਜੀ ਹਾਕਮਾਂ ਤੇ ਬਾਹਰਲਿਆਂ ਦੀ ਰਹਿਤਲ। ਇਹ ਗੱਲ ਤੀਜੀ ਦੁਨੀਆਂ ਦੇ ਉਹਨਾਂ ਸਾਰਿਆਂ ਮੁਲਕਾਂ ਬਾਰੇ ਆਖੀ ਜਾ ਸਕਦੀ ਹੈ, ਜਿਥੇ ਅਜੇ ਤਾਈਂ ਨਵੇਂ ਕਾਲੋਨੀਗੀਰਾਂ ਦਾ ਸਿੱਕਾ ਚਲਦਾ ਹੈ। ਮੇਰਾ ਲੇਖ ਮੁਢੋਂ ਆਪਣੇ ਦੇਸ ਦੀ ਘਰੋਗੀ ਰਹਿਤਲ ਦੀਆਂ ਪਿਰਤਾਂ ਬਾਰੇ ਹੈ। ਏਸ ਕਾਰਨ ਮੈਂ ਇਹਨੂੰ ਆਪਣੀ ਘਰੋਗੀ ਜ਼ਬਾਨ ਵਿਚ ਲਿਖਿਆ ਹੈ ਜਿਹੜੀ ਕਿ ਪੰਜਾਬੀ ਹੈ ਤੇ ਜੀਹਦੇ ਵਿਚ ਮੈਂ ਸੋਚਣਾ ਸਿਖਿਆ ਹੈ।

ਵੀਹਵੀਂ ਸਦੀ ਦਾ ਤਰੀਜਾ ਪਹਿਰ ਮੁੱਕਣ ਵਿਚ ਕੁਝ ਘੜੀਆਂ ਰਹਿ ਗਈਆਂ ਹਨ ਤੇ ਅਸੀਂ ਏਸ ਵੇਲੇ ਏਸ ਸਵਾਲ ਉਤੇ ਬਹਿਸਦੇ ਪਏ ਹਾਂ, ਪਈ ਸਾਡਾ ਕਲਚਰ ਕੀਹ ਹੈ, ਮਤਲਬ ਅਸਾਂ ਕੌਣ ਹਾਂ ਤੇ ਕੀਹ ਹਾਂ। ਇਹ ਬੜੀ ਅਜੀਬ ਗੱਲ ਹੈ, ਪਰ ਏਸ ਗੱਲ ਵਿਚ ਘਣਾ ਦੁੱਖ ਵੀ ਹੈ। ਏਸ ਕਾਰਨ ਇਹ ਵਿਸਰੇ ਹਰਫ਼ ਅੱਖੀਆਂ ਵਿਚ ਅੱਥਰੂ ਲਿਆ ਕੇ ਹੀ ਪਛਾਣੇ ਜਾ ਸਕਣਗੇ। ਜੇ ਅਸਾਂ ਨਹੀਂ ਜਾਣਦੇ ਪਈ ਅਸਾਂ ਕੌਣ ਹਾਂ ਤੇ ਇਹਦਾ ਮਤਲਬ ਹੈ ਅਸੀਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਹਿ ਸਕਦੇ। ਅਜ ਸਾਡੇ ਸੂਝਵਾਨ ਏਸ ਗੱਲ ਉਤੇ ਲੜਦੇ ਪਏ ਹਨ ਪਈ ਸਾਡਾ ਕਲਚਰ ਕੀਹ ਹੈ, ਸਾਡੀ ਪਛਾਣ ਕੀਹ ਹੈ। ਇਹਦੇ ਨਾਲ ਈ ਦੂਜੀ ਗੱਲ ਇਹ ਹੈ ਜੇ ਅਜ ਸਾਡਾ ਮੁਲਕ ਪੂਰੀ ਦੁਨੀਆਂ ਥੀਂ ਗਦਾ ਕਰਦਾ ਫਿਰਦਾ ਹੈ ਤੇ ਨਾਲ ਈ ਇਹ ਜੇ ਅਜ ਉਹ ਮੁਲਕ, ਜੀਹਦੀ ਆਪਣੀ ਕਾਲੀ ਕਰਤੂਤਾਂ ਦੀ ਕਹਾਣੀ ਬੜੀ ਲੰਮੀ ਹੈ, ਸਾਡੀ ਸਲਾਮਤੀ ਦੀ ਜ਼ਮਾਨਤ ਦੇਂਵਦਾ ਹੈ ਤੇ ਸਾਡਾ ਪ੍ਰੈਸ ਇਹਦੇ ਉਤੇ ਖ਼ੁਸ਼ੀ ਨਾਲ ਪੁੱਠੀਆਂ ਛਾਲਾਂ ਮਾਰਦਾ ਹੈ। ਇਹ ਤਿੰਨੇ ਗੱਲਾਂ ਹਿੱਕੋ ਨੀਂ। ਆਪਣੇ ਵਜੂਦ ਦੀ ਜ਼ਮਾਨਤ ਦੂਜਿਆਂ ਕੋਲੋਂ ਮੰਗਣੇ ਉਤੇ ਆਪਣੀ ਪਛਾਣ ਨਹੀਂ ਰਹਿੰਦੀ। ਇਹਦਾ ਮਤਲਬ ਸਾਫ਼ ਹੈ ਬਈ ਆਪਣੀ ਪਛਾਣ ਤੇ ਆਪਣੀ ਆਜ਼ਾਦੀ ਇਕੋ ਗੱਲ ਦੇ ਦੋ ਨਾਂ ਹਨ ਤੇ ਤਵਾਰੀਖ਼ ਏਸ ਗੱਲ ਦੀ ਗਵਾਹੀ ਦੇਂਵਦੀ ਹੈ ਪਈ ਆਪਣੀ ਪਛਾਣ ਆਜ਼ਾਦੀ ਲੈਣ ਦੇ ਅਮਲ ਵਿਚ ਹੀ ਥੀਂ ਸਕਦੀ ਹੈ। ਸਭ ਥੀਂ ਪਹਿਲੀ ਗਹੁ ਗੋਚਰੀ ਗੱਲ ਇਹ ਹੈ ਜੇ ਉਹ ਕਿਹੜੀਆਂ ਔਕੜਾਂ ਨੀਂ ਜਿਹੜੀਆਂ ਸਾਡੀ ਪਛਾਣ ਨਹੀਂ ਹੋਵਣ ਦੇ ਰਹੀਆਂ, ਉਹ ਕਿਹੜੇ ਰੋੜੇ ਹਨ ਜਿਹੜੇ ਸਾਡੀ ਪਛਾਣ ਦੀ ਰਾਹ ਡੱਕੀਂ ਬੈਠੇ ਹਨ। ਇਹਨਾਂ ਔਕੜਾਂ ਤੇ ਰੋੜਿਆਂ ਦੀ ਸਿਆਣ ਬਾਝੋਂ ਅਸੀਂ ਆਪਣੀ ਪਛਾਣ ਨਹੀਂ ਕਰ ਸਕਦੇ।

ਹੋ ਸਕਦਾ ਹੈ ਕੁਝ ਪੜ੍ਹੇ ਲਿਖੇ ਲੋਕ ਮੇਰੀਆਂ ਇਹਨਾਂ ਗੱਲਾਂ ਨੂੰ ਏਸ ਇਕੱਠ* ਵਿਚ ਆਖਣ ਦੇ ਲਾਇਕ ਨਾ ਸਮਝਦੇ ਹੋਵਣ, ਪਰ ਮੈਂ ਫ਼ੈਸਲਾ ਕੀਤਾ ਹੈ ਜੇ ਮੈਂ ਉਸ ਫ਼ਲਸਫ਼ੇ ਬਾਰੇ ਗੱਲ ਨਾ ਕਰਸਾਂ ਜਿਹੜਾ ਸਾਨੂੰ ਏਥੇ ਪੜ੍ਹਿਆ ਪੜ੍ਹਾਇਆ ਜਾਂਵਦਾ ਹੈ ਤੇ ਜੀਹਦੀਆਂ ਅਸੀਂ ਪਿਛਲੇ ਕਈ

ਵਰ੍ਹਿਆਂ ਤੋਂ ਤਫ਼ਸੀਰਾਂ ਲਿਖਦੇ ਆ ਰਹੇ ਹਾਂ, ਅਸਾਂ ਏਸ ਫ਼ਲਸਫ਼ੇ ਉਤੇ ਬਹਿਸਦਿਆਂ ਬਹੂੰ ਵੇਲਾ ਵੰਜਾ ਛੋੜਿਆ ਹੈ। ਜੇ ਏਸ ਗੱਲ ਨੂੰ ਮੰਨ ਲਿਆ ਜਾਵੇ ਪਈ ਬੰਦੇ ਦੀ ਸੋਚ ਤੇ ਫ਼ਿਕਰ ਉਹਦੀਆਂ ਆਪਣੀਆਂ ਸਮਾਜੀ ਹਾਲਤਾਂ ਵਿਚੋਂ ਫੁਟਦੀ ਹੈ, ਫੇਰ ਇਹ ਗੱਲ ਵੀ ਮੰਨਣੀ ਪੌਸੀ ਪਈ ਇਹ ਫ਼ਲਸਫ਼ਾ ਸਾਡਾ ਨਹੀਂ ਤੇ ਏਸ ਵਾਸਤੇ ਇਹ ਸਾਡੇ ਮਸਲਿਆਂ ਨੂੰ ਹਲ ਨਹੀਂ ਕਰ ਸਕਦਾ। ਇਹ ਸਾਡੇ ਥੀਂ ਬਿਗਾਨਾ ਹੈ ਕਿਉਂਕਿ ਸਾਡੀਆਂ ਮਾਲੀ ਤੇ ਸਮਾਜੀ ਹਾਲਤਾਂ ਉਹਨਾਂ ਹਾਲਤਾਂ ਥੀਂ ਉਕਾ ਵੱਖ ਹਨ ਜੀਹਨਾਂ ਏਸ ਫ਼ਲਸਫ਼ੇ ਨੂੰ ਜੰਮਿਆ ਹੈ। ਏਹ ਫ਼ਿਕਰ ਸਾਡੀ ਫ਼ਿਕਰ ਨਹੀਂ। ਸਾਡੇ ਵਜੂਦ ਉਤੇ ਬਿਗਾਨੀ ਫ਼ਿਕਰ ਦਾ ਕਬਜ਼ਾ ਹੈ ਤੇ ਆਪਣੀ ਪਛਾਣ ਵਾਸਤੇ ਸਾਨੂੰ ਏਸ ਬਿਗਾਨੀ ਫ਼ਿਕਰ ਦੀ ਪੰਜਾਲੀ ਆਪਣੇ ਉਪਰੋਂ ਲਾਹੁਣੀ ਪੌਸੀ। ਮੈਂ ਮਗ਼ਰਬੀ ਫ਼ਲਸਫ਼ੇਦਾਨਾਂ ਉਤੇ ਇਹ ਸਾਬਤ ਨਹੀਂ ਕਰਨਾ ਚਾਹੁੰਦਾ ਪਈ ਵੇਖੋ, "ਸਾਨੂੰ ਵੀ ਬੋਲਣਾ ਆ ਗਿਆ ਹੈ, ਸਾਨੂੰ ਵੀ ਏਨੀ ਮੱਤ ਆ ਗਈ ਹੈ ਪਈ ਤੁਹਾਡੇ ਫ਼ਲਸਫ਼ੇ ਨੂੰ ਸਮਝ ਸਕੀਏ, ਵੇਖੋ ਹੁਣ ਅਸੀਂ ਵੀ ਤੁਹਾਡੇ ਬਰਾਬਰ ਆ ਗਏ ਹਾਂ।" ਮੁੱਦਾ ਇਹ ਪਈ ਅਸੀਂ ਕਦੀ ਵੀ ਉਹਨਾਂ ਦੇ ਬਰਾਬਰ ਨਹੀਂ ਆ ਸਕਦੇ। ਉਹਨਾਂ ਦੇ ਬਰਾਬਰ ਹੋਵਣਾ ਸਿਰੇ ਤੋਂ ਸਾਡਾ ਮਸਲਾ ਹੀ ਨਹੀਂ, ਉਹਨਾਂ ਦੀ ਰਾਹ ਵੱਖ ਹੈ, ਸਾਡੀ ਰਾਹ ਵੱਖ ਹੈ। ਅਲਜਜ਼ਾਇਰ ਦੇ ਇਕ ਸੂਝਵਾਨ ਫ਼ਰਾਨਜ਼ ਫ਼ੈਨਨ ਨੇ ਇਕ ਬਹੂੰ ਸੋਹਣੀ ਬਾਤ ਆਖੀ ਆਹੀ ਪਈ, "ਆਓ ਅਸੀਂ ਇਨ੍ਹਾਂ ਬਾਹਰਲਿਆਂ ਕੋਲੂੰ ਆਪਣੀ ਰਾਹ ਵਖ ਕਰ ਲਈਏ, ਇਹ ਇਨਸਾਨ ਦਾ ਨਾਂ ਲੈਂਦਿਆਂ ਨਹੀਂ ਥਕਦੇ, ਪਰ ਜਿਥੇ ਇਨਸਾਨ ਨਜ਼ਰੀਂ ਪੈਂਦਾ ਹੈ ਉਹਨੂੰ ਵੱਢ ਛਡਦੇ ਹਨ।" ਪੰਜਾਬੀ ਦਾ ਇਕ ਵਰ੍ਹਿਆਂ ਪੁਰਾਣਾ ਅਖਾਣ ਹੈ ਪਈ ਜਿਹੜੇ ਪਿੰਡ ਨਹੀਂ ਜਾਣਾ ਉਹਦਾ ਰਾਹ ਕਾਹਨੂੰ ਪੁੱਛੀਏ ? ਏਸ ਲਈ ਮੈਂ ਉਸ ਰਸਤੇ ਉਤੇ ਟੁਰਨ ਥੀਂ ਇਨਕਾਰ ਕਰਦਾ ਹਾਂ ਜਿਹੜਾ ਅਜ ਤਾਈਂ ਮੈਨੂੰ ਦੱਸਿਆ ਗਿਆ ਹੈ ਤੇ ਜਿਹੜਾ ਮੈਨੂੰ ਬਿਗਾਨੀ ਫ਼ਿਕਰ ਦਾ ਗ਼ੁਲਾਮ ਬਣਾ ਕੇ ਮੈਨੂੰ ਮੈਥੋਂ ਦੂਰ ਕਰਦਾ ਹੈ।

ਮੁਢਲਾ ਸਵਾਲ ਇਹ ਹੈ ਪਈ ਕੀਹ ਸਾਡੀ ਆਪਣੀ ਕੋਈ ਸੋਚ ਨਹੀਂ ? ਅਸੀਂ ਆਪੂੰ ਨਹੀਂ ਸੋਚ ਸਕਦੇ ? ਸਾਡੀ ਹਯਾਤੀ ਦਾ ਆਪਣਾ ਕੋਈ ਫ਼ਲਸਫ਼ਾ ਨਹੀਂ ? ਆਪਣੇ ਮੂੰਹੋਂ ਕੁਝ ਆਖੀਏ ਪਰ ਆਪਣੇ ਕਰਮਾਂ ਵਿਚ ਅਸਾਂ ਏਹਦਾ ਜਵਾਬ ਸਦਾ ਨਫ਼ੀ ਵਿਚ ਦਿਤਾ ਹੈ ਤੇ ਉਹਦੀ ਵਜ੍ਹਾ ਹੈ। ਅਰਸਤੂ ਨੇ ਇਨਸਾਨ ਦੀਆਂ ਮੁਢਲੀਆਂ ਸਿਫ਼ਤਾਂ ਦੋ ਦੱਸੀਆਂ ਸਨ — ਪਹਿਲੀ ਉਹਦਾ ਜੀਉ ਹੋਣਾ ਤੇ ਦੂਜੀ ਉਹਦਾ ਅਕਲ ਰਖਣਾ, ਪਰ ਪਿਛਲੇ ਕਈ ਸੌ ਵਰ੍ਹਿਆਂ ਥੀਂ ਬਾਹਰਲਿਆਂ ਦਾ ਖ਼ਿਆਲ ਹੈ ਪਈ ਇਨਸਾਨ ਹੋਵਣ ਲਈ ਇਕ ਤਰੀਜੀ ਸਿਫ਼ਤ ਦਾ ਹੋਣਾ ਵੀ ਜ਼ਰੂਰੀ ਹੈ ਤੇ ਉਹ ਹੈ ਚਮੜੀ ਦਾ ਚਿੱਟਾ ਹੋਣਾ। ਕਾਲੋਨੀਗੀਰੀ ਦੀ ਨੀਂਹ ਵੀ ਇਹੋ ਈ ਹੈ। ਬਾਹਰਲਿਆਂ ਦੀ ਦਲੀਲ ਹੈ ਪਈ ਫ਼ਲਸਫ਼ਾ ਵੀ ਅਸਾਂ ਉਹਨਾਂ ਦਾ ਪੜ੍ਹਨਾ ਹੈ, ਤਹਿਜ਼ੀਬ ਤੇ ਮੱਤ ਵੀ ਅਸਾਂ ਉਹਨਾਂ ਕੋਲੂੰ ਸਿੱਖਣੀ ਹੈ, ਸਾਇੰਸ ਵੀ ਅਸਾਂ ਉਹਨਾਂ ਕੋਲੂੰ ਪੜ੍ਹਨੀ ਹੈ ਤੇ ਕਣਕ ਵੀ ਅਸਾਂ ਉਹਨਾਂ ਦੀ ਖਾਣੀ ਹੈ। ਏਸੇ ਦਲੀਲ ਦੇ ਸਿਰ ਉਤੇ ਉਹਨਾਂ ਨੇ ਵੀਅਤਨਾਮ ਦੇ ਲੱਖਾਂ ਲੋਕਾਂ ਦੀ ਜਿੰਦ ਰੋਲੀ ਹੈ ਤੇ ਉਥੇ ਇਨਸਾਨਾਂ ਨਾਲ ਵੈਰ ਦਾ ਅਜਿਹਾ ਚੰਨ ਚਾੜ੍ਹਿਆ ਹੈ ਜੀਹਦਾ ਜੋੜ ਜੱਗ ਦੀ ਤਵਾਰੀਖ਼ ਵਿਚ ਨਹੀਂ ਲੱਭਦਾ। ਏਸੇ ਦਲੀਲ ਦੇ ਸਿਰ ਉਤੇ ਅਜ ਇਜ਼ਰਾਈਲ ਜੀਉਂਦਾ ਹੈ ਤੇ ਫ਼ਲਸਤੀਨ ਦੇ ਲੱਖਾਂ ਵਸਨੀਕਾਂ ਦੇ ਘਰ-ਬਾਰ ਉਜਾੜ ਦਿਤੇ ਗਏ ਹਨ। ਏਸੇ ਦਲੀਲ ਦੇ ਸਿਰ ਉਤੇ ਜਨੂਬੀ ਅਫ਼ਰੀਕਾ ਤੇ ਰੋਡੇਸ਼ੀਆ ਦੀਆਂ ਇਨਸਾਨ ਦੁਸ਼ਮਣ ਹਕੂਮਤਾਂ ਖਲੋਤੀਆਂ ਹਨ, ਪਰ ਫੇਰ ਵੀ ਸਾਡੇ ਵਡ-ਵਡੇਰੇ ਬਾਹਰਲਿਆਂ ਨੂੰ ਜਮਾਂਦਰੂ ਉੱਚਾ ਮੰਨੇਦੇ ਹਨ ਤੇ ਆਪਣੇ ਆਪ ਨੂੰ ਜਮਾਂਦਰੂ ਹੀਣੇ



ਤੇ ਸਤ ਮਾਹੇਂ ! ਵਤ ਅਸਾਂ ਨੂੰ ਆਪਣੀ ਪਛਾਣ ਕੀਵੇਂ ਥੀ ਸਕਦੀ ਹੈ ? ਗ਼ੁਲਾਮਾਂ ਦੀ ਪਛਾਣ ਤੇ ਕਾਈ ਨਹੀਂ ਹੋਂਦੀ !!

ਗੱਲ ਏਥੇ ਮੁਕਦੀ ਨਹੀਂ, ਇਹਦੀਆਂ ਹੋਰ ਕਈ ਪਿਰਤਾਂ ਦੇ ਖੋਲ੍ਹਣ ਦੀ ਲੋੜ ਹੈ। ਅੰਗਰੇਜ਼ਾਂ, ਜਦੋਂ ਆਪਣੇ ਕਾਰਖ਼ਾਨਿਆਂ ਦੀ ਮਾਲਕੀ ਦੇ ਸਿਰ ਉਤੇ, ਸਾਰੀ ਦੁਨੀਆਂ ਤੇ ਖ਼ਾਸ ਕਰ ਅਫ਼ਰੀਕਾ ਵਿਚੋਂ ਲੋਕਾਂ ਨੂੰ ਫੜ ਕੇ ਉਹਨਾਂ ਦੀ ਵੇਚ ਵਟਕ ਦਾ ਵਪਾਰ ਸ਼ੁਰੂ ਕੀਤਾ ਤੇ ਉਹਨਾਂ ਨੂੰ ਹਮੇਸ਼ਾਂ ਵਾਸਤੇ ਗ਼ੁਲਾਮ ਰਖਣ ਲਈ ਉਹਨਾਂ ਉਤੇ ਕਈ ਕਾਨੂੰਨ ਲਾਗੂ ਕੀਤੇ ਗਏ, ਓਦੋਂ ਉਹਨਾਂ ਕਾਨੂੰਨਾਂ ਵਿਚੋਂ ਇਕ ਕਾਨੂੰਨ ਇਹ ਵੀ ਆਹਾ ਪਈ ਉਹ ਆਪਸ ਵਿਚ ਵੀ ਆਪਣੀ ਮਾਂ-ਬੋਲੀ ਵਿਚ ਗੱਲ ਬਾਤ ਨਹੀਂ ਕਰ ਸਕਦੇ। ਅੰਗਰੇਜ਼ਾਂ ਦੀ ਦਲੀਲ ਇਹ ਆਹੀ ਪਈ ਹੀਣੇ ਲੋਕਾਂ ਦੀ ਜ਼ਬਾਨ ਵੀ ਹੀਣੀ ਹੋਂਦੀ ਹੈ। ਇੰਜ ਉਹ ਆਪਣੀ ਜ਼ਬਾਨ ਰਾਹੀਂ ਆਪਣੇ ਆਪ ਨੂੰ ਉੱਚਾ ਬਣਾ ਕੇ ਉਹਨਾਂ ਉਤੇ ਹੁਕਮ ਚਲਾਵਣ ਤੇ ਉਹਨਾਂ ਨੂੰ ਆਪਣੀ ਬਾਂਧ ਵਿਚ ਰਖਣ ਦਾ ਸਰਬੰਧ ਕਰੇਂਦੇ ਸਨ, ਕਿਉਂ ਜੋ ਬੰਦੇ ਨੂੰ ਗ਼ੁਲਾਮ ਓਸੇ ਵੇਲੇ ਹੀ ਬਣਾਇਆ ਜਾ ਸਕਦਾ ਹੈ ਜਿਸ ਵੇਲੇ ਉਹਨੂੰ ਯਕੀਨ ਦਿਵਾ ਦਿਤਾ ਜਾਵੇ ਪਈ ਉਹ ਜਮਾਂਦਰੂ ਹੀਣਾ ਹੈ, ਏਸ ਕਾਬਿਲ ਹੀ ਨਹੀਂ ਆਪਣੀ ਮੁਹਾਰ ਆਪੂੰ ਫੜ ਸਕੇ। ਵਤ ਗ਼ੁਲਾਮਾਂ ਨੂੰ ਬਾਹਰਲੇ ਆਪਣੀ ਜ਼ਬਾਨ ਸਿਖਵਾਂਦੇ ਸਨ ਜਿਹੜੀ ਉਹ ਕਦੀ ਵੀ ਚੰਗੀ ਤਰ੍ਹਾਂ ਨਹੀਂ ਸਨ ਸਿਖ ਸਕਦੇ, ਤੇ ਇੰਜ ਗ਼ੁਲਾਮਾਂ ਤੋਂ ਆਪਣਾ ਅਸਲਾ ਵੀ ਖੁੱਸ ਵੈਂਦਾ ਆਹਾ ਤੇ ਬਿਗਾਨਾ ਰੂਪ ਵੀ ਨਾਹਾ ਚੜ੍ਹਦਾ। ਇੰਜ ਆਖਣ ਨੂੰ ਇਹ ਗੱਲ ਢੇਰ ਪੁਰਾਣੀ ਹੈ ਪਰ ਕਿੱਡੀ ਅਜੀਬ ਗੱਲ ਹੈ ਪਈ ਆਪਣੀ ਜ਼ਬਾਨ ਨਾ ਬੋਲਣ ਦਾ ਕਨੂੰਨ ਅਜ ਵੀ ਸਾਡੇ ਉਤੇ ਲਾਗੂ ਹੈ, ਭਾਵੇਂ ਅਸੀਂ ਆਪਣੇ ਆਪ ਨੂੰ ਆਜ਼ਾਦ ਕਹਿੰਦੇ ਨਹੀਂ ਥਕਦੇ। ਪਿਛਲਿਆਂ ਜ਼ਮਾਨਿਆਂ ਵਿਚ ਅੰਗਰੇਜ਼ਾਂ ਨੂੰ ਆਪਣੇ ਗ਼ੁਲਾਮਾਂ ਉਤੇ ਆਪਣੀ ਜ਼ਬਾਨ ਨਾ ਬੋਲਣ ਦਾ ਇਹ ਕਾਨੂੰਨ ਲਾਗੂ ਕਰਨਾ ਪੈਂਦਾ ਸੀ, ਪਰ ਹੁਣ ਇਹਨਾਂ ਨੂੰ ਇਹ ਖੇਚਲ ਨਹੀਂ ਕਰਨੀ ਪੈਂਦੀ। ਗਲ ਵਿਚ ਪਿਆ ਸਾਰੀ ਉਮਰ ਦਾ ਪਟਾ ਹੁਣ ਲਹਿ ਗਿਆ ਹੈ, ਉਹਦਾ ਨਿਸ਼ਾਨ ਹੀ ਬਿਨ ਪਟੇ ਦਾ ਕੰਮ ਪਿਆ ਦੇਂਵਦਾ ਹੈ ਤੇ ਇਹੋ ਪੁਰਾਣੀ ਕਾਲੋਨੀਗੀਰੀ ਤੇ ਨਵੀਂ ਕਾਲੋਨੀਗੀਰੀ ਦਾ ਮੁਢਲਾ ਫਰਕ ਹੈ। ਪੁਰਾਣੀ ਕਾਲੋਨੀਗੀਰੀ ਵਿਚ ਗ਼ੁਲਾਮਾਂ ਦੇ ਜਿਸਮਾਂ ਅਤੇ ਜਿਹਨਾਂ ਦੋਹਾਂ ਉਤੇ ਕਬਜ਼ਾ ਰਖਿਆ ਜਾਂਦਾ ਸੀ। ਜਦੋਂ ਹਾਕਮਾਂ ਨੂੰ ਯਕੀਨ ਥੀ ਗਿਆ ਪਈ ਹੁਣ ਗ਼ੁਲਾਮਾਂ ਦੇ ਜ਼ਿਹਨ ਗ਼ੁਲਾਮੀ ਵਿਚ ਰਸ ਗਏ ਹਨ, ਓਦੋਂ ਇਹਨਾਂ ਦੇ ਜੁੱਸੇ "ਆਜ਼ਾਦ" ਕਰ ਦਿਤੇ ਤੇ ਏਥੋਂ ਨਵੀਂ ਕਾਲੋਨੀਗੀਰੀ ਦਾ ਮੁੱਢ ਬੱਝਾ। ਹੁਣ ਅਸੀਂ ਏਸ ਕਾਨੂੰਨ ਨਾਲ ਹੈਲਕ (ਆਦੀ) ਥੀ ਗਏ ਹਾਂ, ਹੁਣ ਅਸਾਂ ਆਪਣੇ ਹੀਣੇ ਹੋਵਣ ਉਤੇ ਯਕੀਨ ਕਰ ਲਿਆ ਹੈ, ਏਸ ਕਾਰਨ ਆਪੂੰ ਹੀ ਆਪਣੀ ਜ਼ਬਾਨ ਛੱਡ ਦਿਤੀ ਹੈ ਤੇ ਬਾਹਰਲਿਆਂ ਦੀਆਂ ਜ਼ਬਾਨਾਂ ਕਬੂਲ ਲਈਆਂ ਹਨ।

ਆਪਣੀ ਜ਼ਬਾਨ ਨਾਲ ਮੁੜ ਜੁੜਨਾ ਸਦੀਆਂ ਪੁਰਾਣੇ ਕਾਨੂੰਨ ਦੇ ਟੁੱਟਣ ਦਾ ਐਲਾਨ ਹੈ। ਇਹ ਆਪਣੇ ਹੀਣੇ ਹੋਵਣ ਦਾ ਇਨਕਾਰ ਹੈ। ਇਨਸਾਨ ਦੀ ਉਚੇ ਹੀਣੇ ਵਿਚ ਵੰਡ ਦਾ ਇਨਕਾਰ ਹੈ ਤੇ ਇਹ ਇਨਕਾਰ ਗ਼ੁਲਾਮੀ ਦੀ ਮੌਤ ਦਾ ਨਗਾਰਾ ਹੈ। ਪਿਛਲੇ ਸਤਾਈ ਵਰ੍ਹਿਆਂ ਥੀਂ ਅਸਾਂ ਬਿਗਾਨੀਆਂ ਜ਼ਬਾਨਾਂ ਦਾ ਭਾਰ ਸਿਰ ਉਤੇ ਚਾਈ ਆਵਣੇ ਹਾਂ ਪਰ ਕਿਸੇ ਨੂੰ ਆਪਣੀ ਯਾਂ ਆਪਣੇ ਦੇਸ ਦੇ ਦੂਜੇ ਲੋਕਾਂ ਦੀ ਜ਼ਬਾਨ ਨਹੀਂ ਆਂਵਦੀ ਤੇ ਨਾ ਇਹਦੇ ਬਾਰੇ ਕਦੀ ਕਿਸੇ ਨੇ ਗਹੁ ਕਰਨ ਦੀ ਖੇਚਲ ਕੀਤੀ ਹੈ। ਸਤਾਈ ਵਰ੍ਹਿਆਂ ਥੀਂ ਰੌਲਾ ਪਿਆ ਪੈਂਦਾ ਹੈ ਪਈ ਸਾਰੇ ਮੁਲਕ ਦੀ ਇਕ ਜ਼ਬਾਨ ਹੋਣੀ ਚਾਹੀਦੀ ਹੈ ਤੇ ਉਹਨਾਂ ਜ਼ਬਾਨਾਂ ਨੂੰ, ਜਿਹੜੀਆਂ ਦੇਸ ਦਿਆਂ ਬਹੁਤਿਆਂ ਲੋਕਾਂ ਦੀਆਂ

ਮਾਂ-ਬੋਲੀਆਂ ਹਨ, ਦਬਾ ਦੇਣਾ ਚਾਹੀਦਾ ਹੈ। ਇਹ "ਇਕ ਜ਼ਬਾਨ" ਉਨ੍ਹਾਂ ਦੀ ਸਾਂਝ ਭੇ ਬਣਾ ਸਕਦੀ
ਹੈ ਜਿਹੜੇ ਆਪਣੀ ਜ਼ਮਾਨਤ ਬਾਹਰੋਂ ਮੰਗੇਂਦੇ ਹਨ, ਮਤਲਬ ਜਿਹੜੇ ਬਾਹਰਲਿਆਂ ਦੀ ਮਾਣ ਵਿਚ
ਡੁੱਬੀ ਆਵਾਜ਼ ਵਿਚ ਆਪਣੀ ਆਵਾਜ਼ ਰਲਾ ਕੇ ਆਪਣੇ ਦੇਸ ਦੇ ਲੋਕਾਂ ਨੂੰ ਹੀਣਾ ਜਾਣ ਕੇ ਉਹਨਾਂ
ਨਾਲੋਂ ਸਾਂਗਾ ਤੋੜਨਾ ਚਾਹੁੰਦੇ ਹਨ, ਪਰ ਇਹ "ਇਕ ਜ਼ਬਾਨ" ਮੁਲਕ ਦੇ ਵੱਖੋ ਵੱਖ ਹਿੱਸਿਆਂ
ਵਿਚ ਵੱਸਣ ਵਾਲੇ ਲੋਕਾਂ ਨੂੰ ਕੱਠਾ ਨਹੀਂ ਕਰ ਸਕਦੀ, ਸਗੋਂ ਉਹਨਾਂ ਨੂੰ ਇਕ ਦੂਜੇ ਥੀਂ ਹੋਰ
ਨਿਖੇੜਸੀ। ਇਹਨਾਂ ਵੱਖੋ ਵੱਖ ਹਿੱਸਿਆਂ ਵਿਚ ਵੱਸਣ ਵਾਲੇ ਲੋਕਾਂ ਵਿਚ ਸਾਂਝ ਬਣਾਵਣ ਦਾ
ਇਕੋ ਤਰੀਕਾ ਹੈ ਪਈ ਆਪੋ ਆਪਣੀ ਮਾਂ-ਬੋਲੀ ਦੇ ਨਾਲ ਨਾਲ ਦੂਜਿਆਂ ਭਰਾਵਾਂ ਦੀ ਮਾਂ-
ਬੋਲੀ ਨੂੰ ਵੀ ਸਿੱਖਿਆ ਜਾਵੇ। ਪਿਛਲੇ ਸਤਾਈ ਵਰ੍ਹਿਆਂ ਥੀਂ ਇੰਜ ਹੋ ਰਿਹਾ ਹੋਂਵਦਾ ਤਾਂ ਅਜ
ਸਾਡਾ ਮੁਲਕ ਹੁਣ ਨਾਲੋਂ ਵੱਧ ਇਕੱਠਾ ਤੇ ਪੱਕਾ ਨਾ ਹੋਂਦਾ ?

ਏਸ ਗੱਲ ਦੀ ਇਕ ਦੂਜੀ ਪਿਰਤ ਵੀ ਹੈ ਤੇ ਉਹ ਇਹ ਜੇ—ਬੰਦੇ ਦੀ ਸੁਰਤ ਤੇ ਉਹਦੀ ਜ਼ਬਾਨ
ਵਿਚ ਗੂੜ੍ਹਾ ਸੰਬੰਧ ਹੋਂਵਦਾ ਹੈ। ਇਹ ਗੱਲ ਕਿਸੇ ਦਲੀਲ ਦੀ ਮੁਹਤਾਜ ਨਹੀਂ, ਪਈ ਜ਼ਬਾਨ
ਬਾਝੋਂ ਸੋਚਣ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ। ਬੰਦਾ ਜਿਹੜਾ ਮੁਢੋਂ ਹੀ ਇਕ ਲੋਕ
ਵਾਸ ਹੈ, ਆਪਣੀ ਮਾਂ-ਬੋਲੀ ਵਿਚ ਹੀ ਸੋਚਣਾ ਸ਼ੁਰੂ ਕਰੇਂਦਾ ਹੈ, ਪਰ ਜਦੋਂ ਅਸਾਂ ਉਹਨੂੰ ਆਪਣੀ
ਮਾਂ-ਬੋਲੀ ਥੀਂ ਵੱਖ ਕਰੇਂਦੇ ਹਾਂ ਤਾਂ ਅਸਲ ਵਿਚ ਅਸਾਂ ਉਹਨੂੰ ਉਹਦੀ ਸੋਚ ਤੋਂ ਵੱਖ ਕਰ ਦੇਂਦੇ
ਹਾਂ। ਉਹ ਦੂਜੀ ਜ਼ਬਾਨ ਦੇ ਨਾਲ ਨਾਲ ਦੂਜਿਆਂ ਦੀ ਸੋਚ ਦਾ ਵੀ ਮੁਥਾਜ ਬਣ ਵੈਂਦਾ ਹੈ,
ਕਿਉਂ ਜੇ ਆਪਣੀ ਜ਼ਬਾਨ ਥੀਂ ਨਫ਼ਰਤ ਉਹਨੂੰ ਆਪਣੀ ਸੋਚ ਥੀਂ ਨਫ਼ਰਤ ਕਰਾਂਵਦੀ ਹੈ,
ਜੀਹਦੇ ਨਾਲ ਉਹ ਆਪਣੇ ਆਪੇ ਤੋਂ ਹੀ ਵੱਖਰਾ ਹੋ ਵੈਂਦਾ ਹੈ। ਇਹਦਾ ਨਤੀਜਾ ਇਹ ਹੋਂਵਦਾ
ਹੈ ਕਿ ਇਕ ਪਾਸੇ ਤੇ ਉਹ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ, ਜਿਹੜੇ ਕਿ ਉਹਦੀ ਮਾਂ-ਬੋਲੀ
ਵਿਚ ਗੱਲਬਾਤ ਕਰੇਂਦੇ ਹਨ, ਹੀਣਾ ਜਾਣਦਾ ਹੈ (ਜੀਹਦਾ ਕਿ ਉਹਨੂੰ ਆਪੂੰ ਵੀ ਇਹਸਾਸ ਨਹੀਂ
ਹੋਂਵਦਾ) ਤੇ ਉਹਨਾਂ ਥੀਂ ਦੁਰਾਡਾ ਹੋ ਵੈਂਦਾ ਹੈ ਤੇ ਦੂਜੇ ਪਾਸੇ ਆਪਣੀ ਜ਼ਬਾਨ ਤੇ ਆਪਣੇ ਜ਼ਿਹਨ
ਨਾਲ ਸੋਚਣ ਦੇ ਹੱਕ ਥੀਂ ਵਾਂਜਿਆ ਜਾਂਵਦਾ ਹੈ। ਤੇ ਇਹ ਦੋਵੇਂ ਗੱਲਾਂ ਚਾਲੂ ਵਰਤਾਰੇ ਦੇ ਰਾਖਿਆਂ
ਦੀ ਲੋੜ ਹਨ। ਜੇ ਅਸਾਂ ਆਪਣੀ ਪਛਾਣ ਲੋੜਨ ਵਿਚ ਸੱਚੇ ਹਾਂ ਤਾਂ ਅਸਾਂ ਨੂੰ ਆਪਣੀ ਜ਼ਬਾਨ
ਨਾਲ ਸਾਂਗਾ ਜੋੜਨਾ ਪੋਸੀ ਤੇ ਆਪਣੀ ਲੋਕਾਈ ਦਾ ਆਪਣੀ ਮਾਂ-ਬੋਲੀ ਵਿਚ ਪੜ੍ਹਨ-ਲਿਖਣ ਦਾ
ਹੱਕ ਮੰਨਣਾ ਪੋਸੀ। ਬਾਹਰਲਿਆਂ ਨਾਲ ਰਲ ਕੇ ਦੇਸੀ ਹਾਕਮਾਂ ਸਾਡੇ ਮੁਲਕ ਵਿਚ ਹੀ ਨਹੀਂ,
ਤਰੀਜੀ ਦੁਨੀਆਂ ਦੇ ਬਹੁਤੇ ਮੁਲਕਾਂ ਵਿਚ ਸਭ ਥੀ ਵੱਡਾ ਧਰੋਹ ਇਹੋ ਕੀਤਾ ਹੈ ਪਈ ਸਾਡੀ ਵਸੋਂ
ਦੇ ਬਹੁਤੇ ਹਿੱਸੇ ਨੂੰ ਸੋਚਣ-ਸਮਝਣ ਥੀਂ ਵਾਂਜ ਕੇ ਇਨਸਾਨਾਂ ਤੋਂ ਸ਼ੈਤਾਨਾਂ ਵਿਚ ਵਟਾ ਛੋੜਿਆ ਹੈ।
ਬੰਦਾ ਆਪਣੀ ਸੋਚ ਪਾਰੋਂ ਇਕ ਸਦਾ ਵਗਦਾ ਵਹਿਣ ਹੈ। ਜੇ ਉਹ ਸੋਚਣਾ ਬੰਦ ਕਰ ਦੇਵੇ ਤਾਂ
ਉਹ ਖਲੋਤੇ ਪਾਣੀ ਵਾਂਗੂੰ ਹੋ ਵੈਂਦਾ ਹੈ। ਸਾਡੇ ਕੋਲ ਬੰਦਿਆਂ ਦੀ ਥੋੜ ਨਹੀਂ। ਬਾਹਰਲੇ ਬੰਦਿਆਂ
ਦੇ ਵਾਧੇ ਨੂੰ ਸਾਡੀ ਗ਼ਰੀਬੀ ਦਾ ਸਬੱਬ ਦਸਦੇ ਹਨ। ਅਸਲ ਗੱਲ ਇਹ ਹੈ ਜੇ, ਬੰਦੇ ਸਾਡੀਆਂ
ਬਾਹਾਂ ਜਿਨ੍ਹਾਂ ਕੋਲੋਂ ਬਾਹਰਲਿਆਂ ਨੂੰ ਡਰ ਆਂਵਦਾ ਹੈ। ਸਾਡੀ ਵਸੋਂ ਸਾਡੇ ਦੇਸ ਦਾ ਬਹੂ ਵੱਡਾ
ਖ਼ਜ਼ਾਨਾ ਹੈ। ਅਸ਼ਾਂ ਆਪਣੀ ਧਰਤੀ ਦੇ ਖ਼ਜ਼ਾਨਿਆਂ ਵਾਂਗਰ ਏਸ ਖ਼ਜ਼ਾਨੇ ਨੂੰ ਵੀ ਨਹੀਂ ਜਾਣਿਆ
ਤੇ ਇੰਜ ਆਪਣੇ ਮੁਲਕ ਦੀ ਗ਼ਰੀਬੀ ਨੂੰ ਆਪਣਾ ਭੇੜ ਸਮਝ ਕੇ ਕਬੂਲੀ ਬੈਠੇ ਹਾਂ। ਜਦ ਤਾਈਂ
ਅਸੀਂ ਆਪਣੀ ਲੋਕਾਈ ਨੂੰ ਏਸ ਖਲੋਤੀ ਹਾਲਤ ਵਿਚੋਂ ਕੱਢ ਕੇ ਸੋਚਣ ਵਾਲੇ ਬੰਦਿਆਂ ਵਿਚ
ਤਬਦੀਲ ਨਹੀਂ ਕਰੇਂਦੇ, ਓਦੋਂ ਤਾਈਂ ਅਸੀਂ ਆਪਣੇ ਕਿਸੇ ਵੀ ਮਸਲੇ ਨੂੰ ਹੱਲ ਨਹੀਂ ਕਰ



ਸਕਦੇ। ਇਖ਼ਲਾਕੀ, ਸਿਆਸੀ, ਸਮਾਜੀ ਤੇ ਅੰਨ ਪਾਣੀ ਦੇ ਮਸਲੇ ਏਨੇ ਗੁੰਝਲਾ ਗਏ ਹਨ ਪਈ
ਕੁਝ ਬੰਦਿਆਂ ਦੀ ਸੋਚ ਇਹਨਾਂ ਦਾ ਹੱਲ ਨਹੀਂ ਕੱਢ ਸਕਦੀ। ਇਹਨਾਂ ਗੁੰਝਲਾਂ ਨੂੰ ਖੋਲ੍ਹਣ ਲਈ
ਹਰ ਬੰਦੇ ਦੀ ਜ਼ਿਹਨੀ ਭਾਈਵਾਲੀ ਦੀ ਲੋੜ ਹੈ। ਪਰ ਇਹਦੇ ਨਾਲ ਹਾਕਮਾਂ ਤੇ ਬਾਹਰਲਿਆਂ
ਦੀ ਹਾਕਮੀ ਟੁੱਟਦੀ ਹੈ। ਏਸ ਕਾਰਨ ਲੋਕਾਈ ਦਾ ਉਹਨਾਂ ਨਾਲ ਟਕਰਾਓ ਅਟਲ ਹੈ। ਜਿਸ
ਵੇਲੇ ਬਾਹਰਲਿਆਂ ਤੇ ਉਹਨਾਂ.ਦੇ ਦੇਸੀ ਸੰਗੀਆਂ ਨੂੰ ਏਸ ਗੱਲ ਦੀ ਸਾਰ ਹੋਂਵਦੀ ਹੈ ਪਈ ਲੋਕਾਈ
ਨੇ ਆਪਣੇ ਜ਼ਿਹਨ ਨਾਲ ਸੋਚਣ ਦਾ ਹੱਕ ਮੰਗਣਾ ਸ਼ੁਰੂ ਕਰ ਦਿਤਾ ਹੈ, ਉਸ ਵੇਲੇ ਉਹਨਾਂ ਦੀਆਂ
ਬੰਦੂਕਾਂ, ਤੋਪਾਂ ਦੇ ਮੂੰਹ ਖੁਲ੍ਹ ਵੈਂਦੇ ਹਨ। ਪਰ ਲੋਕਾਈ ਇਕ ਵਾਰੀ ਆਪਣਾ ਇਹ ਹੱਕ
ਸਿਆਣ ਲਏ ਤੇ ਮੁੜ ਉਹਨੂੰ ਕਿਸੇ ਤਰ੍ਹਾਂ ਵੀ ਬਾਂਧ ਵਿਚ ਨਹੀਂ ਰਖਿਆ ਜਾ ਸਕਦਾ। ਇਹਦੇ
ਵਾਸਤੇ ਮੁਢਲੀ ਲੋੜ ਏਸ ਗੱਲ ਦੀ ਹੈ ਪਈ ਲੋਕਾਈ ਦੀ ਬਾਹਰਲਿਆਂ ਤੇ ਹਾਕਮਾਂ ਨਾਲ ਏਸ
ਲੜਾਈ ਨੂੰ ਹਯਾਤੀ ਦੇ ਅੰਗ ਅੰਗ ਵਿਚ ਖਿਲਾਰ ਦਿਤਾ ਜਾਵੇ। ਇਹਦੇ ਬਾਝੋਂ ਲੋਕਾਈ ਦੀ
ਹਾਕਮਾਂ ਉਤੇ ਜਿੱਤ ਮੁਮਕਿਨ ਨਹੀਂ। ਇਹ ਲੜਾਈ ਇਤਨੀ ਡਾਢੀ ਹੈ ਪਈ ਇਹਦੇ ਵਿਚ ਇਕ
ਧਿਰ ਨੇ ਜੀਉਣਾ ਹੈ ਤੇ ਦੂਜੀ ਨੇ ਮਰਨਾ ਹੈ। ਵਿਚਕਾਰਲੀ ਸੂਰਤ ਕੋਈ ਨਹੀਂ। ਇਹਨਾਂ ਧਿਰਾਂ
ਵਿਚਾਲੇ ਨਿਭਾ ਮੁਮਕਿਨ ਨਹੀਂ। ਇਸ ਲੜਾਈ ਨੂੰ ਕਿਸੇ ਇਕੋ ਮੁਹਾਜ਼ ਉਤੇ ਲੜ ਕੇ ਨਹੀਂ
ਜਿੱਤਿਆ ਜਾ ਸਕਦਾ ਤੇ ਨਾ ਹੀ ਛੜੇ ਇਕੋ ਢੰਗ ਦੀ ਲੜਾਈ ਨਾਲ ਵੈਰੀ ਵਰਤਾਰੇ ਨੂੰ ਢਾਹਿਆ
ਜਾ ਸਕਦਾ ਹੈ। ਅਸਾਂ ਵੈਰੀਆਂ ਦੀ ਹਰ ਸ਼ੈ ਦੇ ਸਾਹਮਣੇ ਆਪਣੀ ਚੀਜ਼ ਲਿਆਵਣੀ ਹੈ। ਉਹਨਾਂ
ਦੀ ਕਿਸੇ ਵੀ ਸ਼ੈ ਨਾਲ ਸਾਡਾ ਸਾਂਗਾ ਨਹੀਂ ਥੀ ਸਕਦਾ, ਭਾਵੇਂ ਉਹ ਉਹਨਾਂ ਦਾ ਲੜਾਈ ਦਾ
ਢੰਗ ਹੋਵੇ, ਭਾਵੇਂ ਉਹਨਾਂ ਦੀ ਸੋਚ, ਭਾਵੇਂ ਉਹਨਾਂ ਦਾ ਅਦਬ, ਭਾਵੇਂ ਉਹਨਾਂ ਦੀ ਤਾਲੀਮ, ਭਾਵੇਂ
ਉਨ੍ਹਾਂ ਦੀ ਜ਼ਬਾਨ ਤੇ ਭਾਵੇਂ ਉਨ੍ਹਾਂ ਦੀ ਰਹਿਤਲ ਹੋਵੇ। ਆਪਣੀ ਜ਼ਬਾਨ ਤੇ ਆਪਣੀ ਰਹਿਤਲ
ਦੀ ਸਿਆਣ ਤੇ ਪਛਾਣ ਏਸੇ ਵੱਡੀ ਲੜਾਈ ਦਾ ਇਕ ਪੱਖ ਹੈ, ਕਿਉਂ ਜੇ ਆਪਣੀ ਜ਼ਬਾਨ ਨੂੰ
ਛੱਡ ਕੇ ਅਸਾਂ ਆਪਣਿਆਂ ਵੈਰੀਆਂ ਦੀ ਛੜੀ ਜ਼ਬਾਨ ਹੀ ਨਹੀਂ ਕਬੂਲਦੇ, ਨਾਲ ਹੀ ਉਹਨਾਂ ਦਾ
ਜੀਵਨ-ਢੰਗ ਤੇ ਸੋਚ-ਢੰਗ ਵੀ ਕਬੂਲਦੇ ਹਾਂ। ਬਿਗਾਨੀ ਜ਼ਬਾਨ, ਸੋਚ ਤੇ ਬਿਗਾਨੇ ਜੀਵਨ-ਢੰਗ
ਦੀ ਪਕੜ ਨੇ ਸਾਡੀ ਲੋਕਾਈ ਦੇ ਬਹੁਤੇ ਹਿੱਸੇ ਨੂੰ ਸੁਰਤ ਹਯਾਤੀ ਵਿਚੋਂ ਕੱਢ ਛੋੜਿਆ ਹੈ। ਅਸਲ
ਗੱਲ ਇਹ ਹੈ ਪਈ ਲੋਕਾਈ ਦੇ ਏਸ ਵੱਡੇ ਹਿੱਸੇ ਨੇ ਬਿਗਾਨੀ ਜ਼ਬਾਨ ਤੇ ਰਹਿਤਲ ਨੂੰ ਦਿਲੋਂ
ਕਬੂਲਿਆ ਈ ਨਹੀਂ, ਸ਼ਹਿਰਾਂ ਵਿਚ ਵੱਸਣ ਵਾਲੇ ਕੁਝ ਲੋਕ ਜਿਨ੍ਹਾਂ ਬਿਗਾਨੀ ਜ਼ਬਾਨੀ ਤੇ ਬਿਗਾਨੀ
ਰਹਿਤਲ ਨੂੰ ਕਬੂਲ ਲਿਆ ਹੈ, ਬਾਹਰਲਿਆਂ ਤੇ ਦੇਸੀ ਹਾਕਮਾਂ ਦੀ ਆਵਾਜ਼ ਵਿਚ ਆਵਾਜ਼ ਰਲਾ
ਕੇ ਆਪਣੀ ਲੋਕਾਈ ਨੂੰ ਡੰਗਰ ਹੀ ਜਾਣਦੇ ਹਨ ਤੇ ਏਸੇ ਪਾਰੋਂ ਉਨ੍ਹਾਂ ਨੂੰ ਆਪਣੀ ਪਛਾਣ ਨਹੀਂ
ਥੀਂਦੀ ਤੇ ਉਹ ਭੌਂਚਲੇ ਹੋਏ ਆਪਣਾ "ਕਲਚਰ" ਲਭਦੇ ਫਿਰਦੇ ਹਨ ਜਿਹੜਾ ਉਹਨਾਂ ਨੂੰ ਕਦੀ
ਨਹੀਂ ਲਭਣਾ ਜਦ ਤਾਈਂ ਉਹ ਆਪਣੀ ਵਸੋਂ ਵਲ ਪਰਤ ਨਹੀਂ ਆਉਂਦੇ।

ਆਪਣੀ ਲੋਕਾਈ ਵਲ ਪਰਤ ਆਵਣ ਲਈ ਆਪਣੀ ਲੋਕਾਈ ਦੀ ਤਵਾਰੀਖ਼ ਜਾਣਨੀ ਪੋਸੀ।
ਆਪਣੀ ਤਵਾਰੀਖ਼ ਨੂੰ ਵਾਚਣਾ ਆਪਣੇ ਆਪ ਨੂੰ ਪਛਾਣਨਾ ਹੈ। ਅਜ ਤਾਈਂ ਸਾਡੀ ਤਵਾਰੀਖ਼
ਨੂੰ ਸਾਥੋਂ ਲੁਕੋਇਆ ਗਿਆ ਹੈ। ਬਾਹਰੋਂ ਆਵਣ ਵਾਲੇ ਹਾਕਮਾਂ ਤੇ ਉਹਨਾਂ ਦੇ ਇਥੋਂ ਦੇ
ਹਮਾਇਤੀਆਂ ਦੀ ਲੁਟ ਮਾਰ ਤਦੇ ਹੀ ਚਾਲੂ ਰਹਿ ਸਕਦੀ ਹੈ ਜੇ ਉਹ ਸਾਡੀ ਤਵਾਰੀਖ਼ ਨੂੰ ਸਾਥੋਂ
ਪਰੇਰੇ ਰਖਣ, ਕਿਉਂ ਜੋ ਸਾਡੀ ਤਵਾਰੀਖ਼ ਏਸ ਲੁਟਮਾਰ ਦੇ ਖ਼ਿਲਾਫ਼ ਨਾਬਰੀ ਦੀ ਤਵਾਰੀਖ਼ ਹੈ।
ਹਾਕਮ ਆਪਣੀ ਤਵਾਰੀਖ਼ ਪੜ੍ਹਾ ਕੇ ਸਾਡੇ ਉਤੇ ਆਪਣੀ ਹਾਕਮੀ ਦਾ ਜਵਾਜ਼ ਪੈਦਾ ਕਰੇਂਦੇ ਹਨ।

ਜਿਵੇਂ ਇਕ ਕੰਮੀ ਵਡੇਰੇ ਨੂੰ ਉਹਦਾ ਸ਼ਜਰਾ ਫ਼ਰ ਫ਼ਰ ਸੁਣਾ ਦੇਂਵਦਾ ਹੈ, ਇੰਜ ਅਸੀਂ ਵੀ ਹਾਕਮਾਂ ਦੀਆਂ ਬਾਣੀਆਂ ਰਟਦੇ ਪਏ ਹਾਂ। ਪਰ ਜੇ ਅਸਾਂ ਆਪਣੀ ਭਲਕ ਚਾੜ੍ਹਨੀ ਹੈ ਤਾਂ ਸਾਨੂੰ ਆਪਣਾ ਕਲ੍ਹ ਵੀ ਚੇਤੇ ਲਿਆਵਣਾ ਪੌਸੀ, ਜਿਹੜਾ ਹਾਕਮਾਂ ਦੇ ਕਲ੍ਹ ਕੋਲੂੰ ਉਕਾ ਅੱਡ ਹੈ। ਉਹਨਾਂ ਦਾ ਕਲ੍ਹ ਇਨਸਾਨ ਨਾਲ ਵੈਰ ਤੇ ਹਿਰਸ ਨਾਲ ਭਿੱਜਿਆ ਹੋਇਆ ਹੈ। ਸਾਡਾ ਕਲ੍ਹ ਜ਼ੁਲਮ ਨੂੰ ਕਬੂਲਣ ਥੀਂ ਇਨਕਾਰ ਤੇ ਇਨਸਾਨ-ਦੋਸਤੀ ਨਾਲ ਸ਼ਿੰਗਾਰਿਆ ਹੋਇਆ ਹੈ ਤੇ ਏਸੇ ਕਾਰਨ ਇਹਨੂੰ ਸਾਥੋਂ ਵਿਛੋੜਿਆ ਗਿਆ ਹੈ। ਹਾਕਮ ਆਪਣੇ ਪਿਛੋਕੜ ਨੂੰ ਸਾਡੇ ਅੱਗੇ ਧਰ ਕੇ ਅਸਲ ਵਿਚ ਸਾਬਤ ਇਹ ਕਰਨਾ ਚਾਹੁੰਦੇ ਹਨ ਪਈ ਇਨਸਾਨ ਆਦ ਥੀਂ ਇਨਸਾਨ-ਦੁਸ਼ਮਣ ਹੈ ਤੇ ਹਰ ਬੰਦੇ ਨੇ ਹਮੇਸ਼ ਥੀਂ ਹਾਕਮ ਬਣਨ ਦਾ ਜਤਨ ਕੀਤਾ ਹੈ। ਏਸ ਪਾਰੋਂ ਹਰ ਬੰਦੇ ਨੂੰ ਹਾਕਮ ਬਣਨ ਦੀ ਏਸ ਭਾਲ ਵਿਚ ਰਲ ਜਾਵਣਾ ਚਾਹੀਦਾ ਹੈ। ਪਰ ਇਹ ਚਿੱਟਾ ਝੂਠ ਹੈ। ਸਾਡੀ ਲੋਕਾਈ ਅਜ਼ਲ ਥੀਂ ਹਾਕਮਾਂ ਨਾਲ ਲੋਹਾ ਲੈਂਦੀ ਆਈ ਹੈ ਤੇ ਇਹਨਾਂ ਇਨਸਾਨ ਦੇ ਵੈਰੀਆਂ ਨਾਲ ਸਾਡੀ ਲੋਕਾਈ ਨੇ ਕਦੀ ਵੀ ਅੰਗ ਨਹੀਂ ਜੋੜਿਆ। ਅਜ ਤਾਈਂ ਸਾਨੂੰ ਸਾਡੀ ਧਰਤੀ ਉਤੇ ਧਾਵੇ ਕਰਨ ਵਾਲਿਆਂ ਦੀ ਤਵਾਰੀਖ਼ ਦੱਸੀ ਗਈ ਹੈ ਯਾਂ ਦਿੱਲੀ ਦੀ ਬਾਦਸ਼ਾਹੀ ਦੀ, ਤੇ ਉਹ ਵੀ ਵਡਿਆ ਕੇ। ਆਪਣੀ ਧਰਤੀ ਦੇ ਪਿਛੋਕੜ ਬਾਰੇ ਅਸਾਂ ਕੁਝ ਨਹੀਂ ਜਾਣਦੇ। ਏਸੇ ਕਾਰਨ ਸਾਡਾ ਹਾਲ ਅਮਰੀਕਾ ਤੇ ਯੋਰਪ ਦੇ ਹਵਾਲੇ ਨਾਲ ਮਿਥਿਆ ਜਾ ਰਿਹਾ ਹੈ। ਇਸ ਸੋਚ ਨੇ ਬਾਹਰਲਿਆਂ ਤੇ ਏਥੇ ਦਿਆਂ ਹਾਕਮਾਂ ਦੀ ਏਸ ਦਲੀਲ ਨੂੰ ਕਬੂਲ ਲਿਆ ਹੈ ਪਈ ਸਾਡੀ ਵਸੋਂ ਤੇ ਧਰਤੀ ਦੀ ਤਵਾਰੀਖ਼ ਜ਼ਿੱਲਤ ਵਿਚ ਲਿੱਬੜੀ ਪਈ ਹੈ। ਇਹਦੇ ਉਤੇ ਸਾਡੇ ਸੂਝਵਾਨ ਬਹੂ ਸ਼ਰਮਿੰਦਾ ਨੇ। ਏਸ ਸ਼ਰਮਿੰਦਗੀ ਨੂੰ ਮਿਟਾਵਣ ਲਈ ਉਹਨਾਂ ਵਿਚੋਂ ਇਕ ਧੜੇ ਨੇ ਅਮਰੀਕਾ ਤੇ ਯੋਰਪ ਦੀ ਤਵਾਰੀਖ਼ ਦੀਆਂ ਕਿਤਾਬਾਂ ਨਾਲ ਆਪਣੇ ਆਲੇ ਦੁਆਲੇ ਵਲਗਣਾਂ ਖਲ੍ਹਿਆਰ ਲਈਆਂ ਹਨ। ਇਹਨਾਂ ਨੇ ਬਾਹਰਲਿਆਂ ਤੇ ਹਾਕਮਾਂ ਦੀ ਇਸ ਦਲੀਲ ਉਤੇ ਯਕੀਨ ਕਰ ਲਿਆ ਹੈ ਪਈ ਸਾਡੀ ਧਰਤੀ ਵਿਚੂੰ ਹਮੇਸ਼ ਬੇਅਕਲ ਲੋਕ ਜੰਮੇ ਹਨ ਤੇ ਦੁਨੀਆਂ ਦੀ ਇਸ ਪੁਰਾਣੀ ਤਹਿਜ਼ੀਬ ਵਿਚ ਕਦੀ ਕੋਈ ਸੂਝਵਾਨ ਯਾ ਫ਼ਲਸਫ਼ੀ ਨਹੀਂ ਜੰਮਿਆ। ਪਾਕਿਸਤਾਨ ਦੇ ਇਕ "ਫ਼ਲਸਫ਼ੀ" ਦਾ ਖ਼ਿਆਲ ਹੈ ਪਈ ਪੰਜਾਬੀ ਢੱਗੇ ਹੋਂਦੇ ਨੇ। ਇਹ ਗੱਲ ਇਕੱਲਾ ਉਹ ਹੀ ਨਹੀਂ ਕਹਿੰਦਾ, ਹੋਰ ਵੀ ਬਹੁਤ ਸਾਰੇ ਕਹਿੰਦੇ ਨੇ ਤੇ ਛੜੇ ਪੰਜਾਬੀਆਂ ਬਾਰੇ ਹੀ ਨਹੀਂ, ਸਿੰਧੀਆਂ, ਪਠਾਣਾਂ ਤੇ ਬਲੋਚਾਂ ਬਾਰੇ ਵੀ ਕਹਿੰਦੇ ਹਨ। ਇਹੋ ਜਿਹੀਆਂ ਗੱਲਾਂ ਬੰਗਾਲੀਆਂ ਬਾਰੇ ਵੀ ਕਹੀਆਂ ਜਾਂਵਦੀਆਂ ਸਨ। ਵਤ ਇਹਨਾਂ ਲੋਕਾਂ ਨੂੰ ਆਪਣਾ "ਕਲਚਰ" ਕੀਵੇਂ ਦਿਸੇ। ਇਹ ਠੀਕ ਹੈ ਜੀਹਨਾਂ ਨੇ ਜ਼ਿਹਨੀ ਤੌਰ 'ਤੇ ਆਪਣੇ ਆਪ ਨੂੰ ਆਪਣੀ ਧਰਤੀ ਤੇ ਆਪਣੀ ਲੋਕਾਈ ਕੋਲੂੰ ਵੱਖ ਤੇ ਉਚੇਰਾ ਕਰ ਲਿਆ ਹੋਵੇ ਉਹਨਾਂ ਨੂੰ ਆਪਣਾ "ਕਲਚਰ" ਨਹੀਂ ਦਿਸਦਾ ਤੇ ਨਾ ਦਿਸਣਾ ਚਾਹੀਦਾ ਹੈ। ਇਹ ਆਪਣੇ ਆਪ ਨੂੰ ਬਾਹਰੋਂ ਆਵਣ ਵਾਲਿਆਂ ਵਿਚੂੰ ਸਮਝਦੇ ਹਨ। ਬਾਹਰਲਿਆਂ ਦੀਆਂ ਅੱਖਾਂ ਨਾਲ ਵੇਖਦੇ ਹਨ, ਤੇ ਬਾਹਰਲਿਆਂ ਦੇ ਕੰਨਾਂ ਨਾਲ ਸੁਣਦੇ ਹਨ। ਵਤ ਇਹਨਾਂ ਨੂੰ ਆਪਣੀ ਪਛਾਣ ਥੀਵੇ ਕਿਵੇਂ ?

---

* 20 ਅਕਤੂਬਰ 1975 ਨੂੰ ਲਾਹੌਰ ਵਿਚ ਹੋਈ ਪਾਕਿਸਤਾਨ ਫਲਸਫ਼ਾ ਕਾਂਗਰਸ ਦੇ 17ਵੇਂ ਇਕੱਠ ਵਿਚ "ਪਾਕਿਸਤਾਨੀ ਕਲਚਰ" ਦੇ ਨਾਂ ਹੇਠ ਹੋਇਆ ਵਿਚਾਰ-ਵਟਾਂਦਰਾ।

●

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਕਰਮ ਸਿੰਘ

## ਨਵੀਂ ਪੰਜਾਬੀ ਕਵਿਤਾ ਦੀ ਗੱਲ

ਸੇਧ ਦੇ ਦੋ ਅੰਕਾਂ ਵਿਚ (ਮਈ ਤੇ ਜੂਨ, 1976) 24 ਸਫ਼ਿਆਂ 'ਤੇ ਫ਼ੈਲਿਆ ਡਾ. ਰਵਿੰਦਰ ਰਵੀ ਦਾ ਲੇਖ "ਪੰਜਾਬੀ ਕਵਿਤਾ ਦਾ ਵਿਕਾਸ-ਰੁਖ਼ (1970-75)" ਪੜ੍ਹਿਆ। ਇਸ ਤਕੜੇ ਬੋਹਲ ਨੂੰ ਜਦੋਂ ਉਡਾਣ ਬੈਠੇ, ਤੂੜੀ ਨਿਕਲੀ ਸੌ ਕੁਇੰਟਲ ਅਤੇ ਦਾਣੇ ਨਿਕਲੇ ਦੋ ਲੱਪਾਂ। ਅਸਾਂ ਇਹਨਾਂ ਦਾਣਿਆਂ ਬਾਰੇ ਗੱਲ ਕਰਨੀ ਹੈ।

ਡਾ. ਅਮਰਜੀਤ ਸਿੰਘ ਦੀ "ਆਧੁਨਿਕ ਪੰਜਾਬੀ ਕਵਿਤਾ ਵਿਅਕਤੀ ਦੀ ਉਸ ਮਨੋਵਿਗਿਆਨਕ ਅਵੱਸਥਾ ਦਾ ਚਿੰਤਨ ਕਰਦੀ ਹੈ ਜੋ ਮਹਾਂਨਗਰ ਦੀ ਮਸ਼ੀਨੀ ਸਭਿਅਤਾ ਵਿਚ ਸਮੂਹਿਕ ਕੀਮਤਾਂ ਦੇ ਟੁਟਣ ਨਾਲ ਅਸੁਰਖਿਆ, ਇਕੱਲ ਅਤੇ ਸਵੈ-ਓਪਰੇਪਣ ਦਾ ਅਨੁਭਵ ਬਣ ਕੇ ਉਸ ਦੀ ਚੇਤਨਾ ਵਿਚ ਫ਼ੈਲਦੀ ਹੈ" ਕਹੀ ਗੱਲ ਉਤੇ 4-5 ਇਤਰਾਜ਼ ਕਰਕੇ, ਡਾ. ਰਵੀ ਨੇ ਇਹ ਕਹਿ ਕੇ "ਪਰੰਤੂ ਇਹ ਵੀ ਸੱਚ ਹੈ ਕਿ ਅਜਿਹੀਆਂ ਮਾਨਸਿਕ ਗੁੰਝਲਾਂ, ਨਿਰਾਰਥਕਤਾ, ਅਸੁਰਖਿਆ ਆਦਿ ਦੀਆਂ ਭਾਵਨਾਵਾਂ ਨਾਲ ਸਬੰਧਤ ਕਲਾਤਮਕ ਪੱਖ ਤੋਂ ਸਫ਼ਲ ਕਵਿਤਾ ਵੀ ਪੰਜਾਬੀ ਵਿਚ ਰਚੀ ਗਈ ਜਿਸ ਦਾ ਇਤਿਹਾਸਕ ਰੋਲ ਤੇ ਸਥਾਨ ਵੀ ਹੈ," ਇਸ 'ਕਵਿਤਾ ਦੀ ਜਨਮ-ਭੂਮੀ' ਠੀਕ ਤਰ੍ਹਾਂ ਮਿਥਣ ਦਾ ਅਤੇ 'ਕਰਾਂਤੀਕਾਰੀ ਕਵਿਤਾ ਦੇ ਜਨਮ ਅਤੇ ਵਿਕਾਸ ਦਾ ਠੀਕ ਪ੍ਰਸੰਗ' ਮਿਥਣ ਦਾ ਬੀੜਾ ਚੁਕਿਆ ਹੈ। (ਮਈ ਅੰਕ, ਸਫ਼ੇ 12-13)

ਲੰਮੇ ਲੰਮ੍ਹ-ਚੌੜਾਅ ਤੋਂ ਪਿਛੋਂ ਡਾ. ਰਵੀ ਨੇ ਕਿਹਾ ਇਹ ਹੈ ਕਿ ਪਹਿਲਾਂ ਆਧੁਨਿਕ/ਪ੍ਰਯੋਗਵਾਦੀ ਕਵਿਤਾ ਤੇ ਹੁਣ 1970-75 ਦੀ ਕ੍ਰਾਂਤੀਕਾਰੀ ਕਵਿਤਾ ਮੁਖ ਰੂਪ ਵਿਚ ਮਧ ਸ਼੍ਰੇਣੀ ਬੁਧੀਜੀਵੀ ਕਵੀਆਂ ਦੁਆਰਾ ਹੀ ਰਚੀ ਗਈ (ਸਫ਼ਾ 13) ਅਤੇ ਇਹਨਾਂ ਕਵੀਆਂ ਨੇ ਆਪਣੀ ਤੀਖਣ ਬੁਧੀ ਸਦਕਾ ਅਤੇ ਸੁਪਰ-ਹਸਾਸੀ ਹੋਣ ਸਦਕਾ ਉਹਨਾਂ ਸਭ ਰੋਗਾਂ ਤੇ ਬੀਮਾਰੀਆਂ ਨੂੰ ਹੁਣੇ ਹੀ ਮਹਿਸੂਸ ਕਰ ਲਿਆ, ਜਿਹਨਾਂ ਦਾ ਸ਼ਿਕਾਰ ਸਨਅਤੀ ਤੌਰ 'ਤੇ ਉਨਤੀ ਕਰਕੇ ਅਤੇ ਉਨਤ ਸਨਅਤੀ ਸਮਾਜ ਉਸਾਰ ਕੇ ਅੰਤ ਅਸਾਂ ਹੋਣਾ ਹੈ। ਇਸ ਦੂਰ-ਦ੍ਰਿਸ਼ਟੀ ਸਦਕਾ ਅਤੇ "ਆਪਣੇ ਵਿਸ਼ੇਸ਼ ਸ਼ਰੇਣੀ-ਸਥਾਨ ਅਨੁਸਾਰ" ਇਹਨਾਂ ਕਵੀਆਂ ਨੇ ਪਹਿਲਾਂ ਹੀ ਇਹਨਾਂ ਰੋਗਾਂ ਤੇ ਔਹਰਾਂ ਨਾਲ ਸਾਡੇ ਪਾਠਕਾਂ ਦੀ ਜਾਣ ਪਛਾਣ ਕਰਵਾਉਣੀ ਸ਼ੁਰੂ ਕਰ ਦਿਤੀ! "ਇਹਨਾਂ ਕਵੀਆਂ ਨੇ ਨਵੇਂ ਬਣ ਰਹੇ ਸਮਾਜਕ ਸਾਰ ਦੇ ਸਥੂਲ ਰੂਪ ਵਿਚ ਪ੍ਰਗਟ ਹੋਣ ਤੋਂ ਪਹਿਲਾਂ ਹੀ, ਇਸ ਨਾਲ ਸਬੰਧਤ ਭਾਵਨਾਵਾਂ ਨੂੰ ਆਪਣੇ ਵਿਸ਼ੇਸ਼ ਸ਼੍ਰੇਣੀ-ਸਥਾਨ ਅਨੁਸਾਰ ਗ੍ਰਹਿਣ ਕਰ ਲਿਆ ਸੀ।" (ਸਫ਼ਾ 18) ਸਿਤਮ ਇਹ ਕਿ ਇਹਨਾਂ "ਕਵੀਆਂ" ਦੀ ਇਸ "ਕਵਿਤਾ" ਦੇ ਅਧਿਐਨ ਨੂੰ ਡਾ. ਰਵੀ ਮਾਰਕਸ-ਵਾਦੀ ਪਹੁੰਚ ਦਾ ਨਾਂ ਦੇ ਕੇ ਇਸ ਕਵਿਤਾ ਦੇ 'ਪ੍ਰਮੁਖ ਲੱਛਣਾਂ, ਪ੍ਰਵਿਰਤੀਆਂ, ਸੁਭਾਅ ਅਤੇ ਉਸ ਦੇ ਵਿਕਾਸ-ਰੁਖ਼ ਦਾ ਵਿਸ਼ਲੇਸ਼ਣ' ਕਰਨ ਲਗ ਪਿਆ ਹੈ !!

ਡਾ. ਰਵੀ ਦੀ ਇਹਨਾਂ ਦੋ ਲੱਪ ਦਾਣਿਆਂ ਦੀ ਖੱਟੀ ਅਸਲ ਵਿਚ ਕੀਹ ਹੈ ? ਇਕ ਕੰਮ ਜਿਹੜਾ ਉਸ ਨੇ ਕੀਤਾ, ਉਹ ਗ਼ਲਤ ਕੀਤਾ ਅਤੇ ਦੂਜਾ ਜਿਹੜਾ ਉਸ ਨੂੰ ਕਰਨਾ ਚਾਹੀਦਾ ਸੀ, ਉਹ ਉਸ ਕੀਤਾ ਹੀ ਨਹੀਂ।

ਪਹਿਲੀ ਗੱਲ ਜਿਹੜੀ ਬੁਨਿਆਦੀ ਹੈ ਉਹ ਇਹ ਹੈ ਕਿ ਕੀ ਇਹ ਭੰਨ ਤੋੜ ਕੇ ਲਿਖੀ ਵਾਰਤਕ, ਜਿਸ ਨੂੰ ਆਧੁਨਿਕ/ਪ੍ਰਯੋਗਵਾਦੀ/ਕ੍ਰਾਂਤੀਕਾਰੀ ਕਵਿਤਾ ਕਹਿੰਦੇ ਹਨ, ਕਵਿਤਾ ਹੈ ਵੀ !! ਪੁਟ ਲਿਆਉਣਾ ਕਿਸੇ ਦੇ ਖੇਤ ਵਿਚੋਂ ਕੋਈ ਡਰਨਾ ਤੇ ਸਮਝਾਉਣ ਲਗ ਪੈਣਾ ਕਿ ਇਸ ਦਾ ਦਿਲ ਐਥੇ ਜੇ, ਗੁਰਦੇ ਇਥੇ ਜੇ...ਤੇ ਇਹ ਲਹੂ-ਪ੍ਰਣਾਲੀ ਇਸ ਤਰ੍ਹਾਂ ਕੰਮ ਕਰਦੀ ਜੇ...ਇਸ ਨੂੰ ਆਪਣਾ ਢਿਡੋਂ-ਜਾਇਆ ਹੀ ਸਮਝੋ...ਗਲ ਹਾਸੋਹੀਣੀ ਨਹੀਂ ਤਾਂ ਕੀਹ ਹੈ ?

ਹਰ ਦੇਸ਼ ਦੀ, ਹਰ ਲੋਕਾਂ ਦੀ ਕਵਿਤਾ ਦੀ ਇਕ ਰਵਾਇਤ ਹੁੰਦੀ ਹੈ (ਰਵਾਇਤ ਬਦਲਦੀ ਵੀ ਹੈ, ਪਰ ਬਦਲਦੀ ਹੈ, ਬਦਲਣ ਦੀ ਇਕ ਰਵਾਇਤ ਦੇ ਅਨੁਸਾਰ ਹੀ); ਹਰ ਕੌਮ ਦੇ ਗਲੇ ਦਾ, ਕੰਨਾਂ ਦਾ, ਅਵਾਜ਼ਾਂ ਦੇ ਰਸ ਦਾ ਇਕ ਖ਼ਾਸ ਠੁੱਕ ਹੁੰਦਾ ਹੈ। ਸੰਗੀਤ ਦੀਆਂ ਕੁਝ ਖ਼ਾਸ ਲੈਆਂ, ਸੁਰਾਂ ਹੁੰਦੀਆਂ ਹਨ ਜਿਹੜੀਆਂ ਇਕ ਖ਼ਾਸ ਕੌਮ ਲਈ ਇਕ ਖਾਸ ਵਿਸ਼ੇਸ਼ਤਾ ਰਖਦੀਆਂ ਹਨ (ਬਾਕੀਆਂ ਲਈ ਉਹ ਸੁਰਾਂ ਤੇ ਉਹ ਲੈਆਂ ਇਕ ਆਮ ਦਿਲਚਸਪੀ ਰਖਦੀਆਂ ਹਨ ਜਾਂ ਸਾਧਾਰਨ ਜਿਹਾ ਸੁਆਦ ਹੀ ਉਹਨਾਂ ਨੂੰ ਉਹ ਦੇਂਦੀਆਂ ਹਨ।) ਖ਼ਾਸ ਲੈਆਂ ਤੇ ਸੁਰਾਂ, ਸੰਗੀਤ ਦੇ ਖ਼ਾਸ ਉਤਰਾਅ ਚੜ੍ਹਾਅ ਉਸ ਕੌਮ ਦੇ ਲਹੂ ਮਾਸ ਵਿਚ, ਦਿਲ ਦੀ ਧੜਕਣ ਵਿਚ ਰਚੇ ਹੁੰਦੇ ਹਨ। ਏਸੇ ਲਈ ਇਹਨਾਂ ਦੀ ਦਿਲ ਨੂੰ ਧੂਹ ਪੈਂਦੀ ਹੈ; ਸਿਧਾ ਰੂਹ ਟੁੰਬਿਆ ਜਾਂਦਾ ਹੈ। ਇਹ ਗੱਲ ਵੀ ਭਲਾ ਦੱਸਣ ਵਾਲੀ ਹੈ ਕਿ ਜਿਸ ਤਰਜ਼ ਨਾਲ, ਜਿਤਨੀ ਸ਼ਿੱਦਤ ਨਾਲ ਸਾਨੂੰ ਧੂਹ ਪੈਂਦੀ ਹੈ, ਉਸ ਨਾਲ ਉਤਨੀ ਸ਼ਿੱਦਤ ਨਾਲ ਪੱਛਮੀ ਦੇਸ਼ ਦੇ ਕਿਸੇ ਬੰਦੇ ਨੂੰ ਨਹੀਂ ਪੈਂਦੀ। ਪੈ ਸਕਦੀ ਵੀ ਨਹੀਂ। ਜਿਸ ਲੈਅ ਨਾਲ ਰੂਸੀ ਖਿਚਿਆ ਜਾਂਦਾ ਹੈ, ਉਸ ਲੈਅ ਦਾ ਸਾਡੇ 'ਤੇ ਐਵੇਂ ਮਾੜਾ ਮੋਟਾ ਹੀ ਅਸਰ ਹੁੰਦਾ ਹੈ। ਦੂਰ ਦੀ ਗੱਲ ਕਿਉਂ ? ਸਾਡੇ ਆਪਣੇ ਦੇਸ ਵਿਚ ਹੀ — ਜਿਹੜੀ ਤਰਜ਼ ਪੰਜਾਬੀ ਨੂੰ ਧੂਹ ਪਾਉਂਦੀ ਹੈ, ਉਹ ਮਦਰਾਸੀ ਨੂੰ ਨਹੀਂ ਪਾਉਂਦੀ; ਜਿਹੜਾ ਸੰਗੀਤ ਸਾਡੇ ਦਿਲ ਦੀਆਂ ਤਾਰਾਂ ਨੂੰ ਟੁਣਕਾਰਦਾ ਹੈ, ਉਹ ਅਸਰ ਰਾਵਿੰਦਰ ਸੰਗੀਤ ਜਾਂ ਕਰਨਾਟਕ ਸੰਗੀਤ ਦਾ ਸਾਡੇ ਮਨਾਂ 'ਤੇ ਨਹੀਂ ਹੁੰਦਾ।

ਸੰਗੀਤ ਤਾਂ ਸੰਗੀਤ ਹੀ ਹੁੰਦਾ ਹੈ, ਪਰ ਪੱਛਮੀ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਫਰਕ ਹੈ ਵੇ। ਪੱਛਮੀ ਸੰਗੀਤ ਸਾਡੇ ਕੰਨਾਂ ਲਈ ਕਈ ਵਾਰ ਰੌਲੇ ਦੀ ਨਿਆਈਂ ਵੀ ਹੋ ਸਕਦਾ ਹੈ। ਜਾਂ ਇਉਂ ਕਹਿ ਲਵੋ ਕਿ ਉਹ ਕੰਨਾਂ ਨੂੰ, ਮਨ ਨੂੰ, ਖ਼ੂਨ ਦੇ ਦੌਰੇ ਨੂੰ, ਸਾਡੇ ਰੋਮਾਂ ਨੂੰ ਉਸ ਤਰ੍ਹਾਂ ਨਹੀਂ ਹਿਲਾਉਂਦਾ ਜਿਵੇਂ ਭਾਰਤੀ ਸੰਗੀਤ ਹਿਲਾਉਂਦਾ ਹੈ। (ਉਹਨਾਂ ਚੰਦ ਇਕ 'ਨਾ ਪੱਛਮੀ ਨ ਭਾਰਤੀ' ਛੋਕਰਿਆਂ ਨੂੰ ਛੱਡ ਕੇ ਜਿਹੜੇ ਪੱਛਮੀ ਕਿਸਮ ਦੇ ਰੈਸਤੋਰਾਆਂ ਵਿਚ ਪੱਛਮੀ ਸੰਗੀਤ ਦੀਆਂ ਧੁਨਾਂ ਸੁਣ ਕੇ ਸੀਟਾਂ 'ਤੇ ਬੈਠੇ ਬੈਠੇ ਹੀ ਆਪਣੇ ਚਿੱਤੜ ਹਿਲਾਉਣ ਲਗ ਪੈਂਦੇ ਨੇ) ਤੇ ਜੇ ਸੰਗੀਤ ਨੇ ਦਿਲ ਦੇ ਤਾਰ ਹੀ ਨਹੀਂ ਟੁਣਕਾਉਣੇ, ਤਾਂ ਸੰਗੀਤ ਦਾ ਅਸਾਂ ਆਚਾਰ ਪਾਉਣਾ ?!! ਹਰ ਕੌਮ ਦੇ ਸੰਗੀਤ ਦੀ ਰਵਾਇਤ ਹੁੰਦੀ ਹੈ, ਕੌਮ ਦੇ ਲੋਕਾਂ ਨੇ ਸੈਂਕੜੇ, ਹਜ਼ਾਰਾਂ ਸਾਲ ਉਸ ਨੂੰ ਹੁੰਗਾਰਾ ਭਰਿਆ ਹੁੰਦਾ ਹੈ। ਉਹ ਸੰਗੀਤ ਉਹਨਾਂ ਦੇ ਕੰਨਾਂ ਨਾਲ, ਦਿਲ ਨਾਲ, ਜਜ਼ਬੇ ਨਾਲ ਇਕ-ਸੁਰ ਹੋਇਆ ਹੁੰਦਾ ਹੈ। ਉਹ ਉਹਨਾਂ ਨੂੰ ਆਪਣਾ ਲਗਦਾ ਹੈ।

ਸੰਗੀਤ ਦੀ ਗੱਲ ਅਸਾਂ ਇਸ ਲਈ ਕੀਤੀ ਹੈ ਕਿਉਂਕਿ ਕਵਿਤਾ ਤਾਂ ਹੀ ਕਵਿਤਾ ਹੈ ਜੇ ਉਹ ਸੰਗੀਤ ਹੈ। ਸੰਗੀਤ, ਰਾਗ, ਤਰਜ਼, ਲੈਅ ਤੋਂ ਬਿਨਾਂ, ਲਫ਼ਜ਼ਾਂ (ਤੇ ਖ਼ਿਆਲਾਂ) ਦਾ ਛਣਕਣਾ ਤਾਂ ਕੋਈ ਵੀ ਵਜਾ ਸਕਦਾ ਹੈ, ਪਰ ਉਸ ਨੂੰ ਜੇ ਉਹ ਕਵਿਤਾ ਦਾ ਨਾਂ ਦੇਂਦਾ ਹੈ ਤਾਂ ਸਮਝੋ, ਕੁਫ਼ਰ ਤੋਲਦਾ ਹੈ।



ਹਰ ਜ਼ਬਾਨ ਦੀ ਕਵਿਤਾ ਦੀ, ਹਰ ਕੌਮ ਦੀ ਕਵਿਤਾ ਦੀ ਵੀ ਸੰਗੀਤ ਵਾਂਗ ਇਕ ਰਵਾਇਤ ਹੁੰਦੀ ਹੈ। ਇਕ ਵਾਰ ਫਿਰ — ਉਹ ਰਵਾਇਤ ਬਦਲਦੀ ਹੈ, ਪਰ ਬਦਲਦੀ ਹੈ ਤਬਦੀਲੀ ਦੀ ਇਕ ਰਵਾਇਤ ਦੇ ਅਨੁਸਾਰ ਹੀ। ਹਰ ਜ਼ਬਾਨ ਦੇ ਲਫ਼ਜ਼ਾਂ ਦੀ ਇਕ ਖ਼ਾਸ ਕਿਸਮ ਦੀ ਟੁਣਕਾਰ ਹੁੰਦੀ ਹੈ। ਉਸ ਟੁਣਕਾਰ ਨੂੰ ਬੰਨ੍ਹਣ ਲਈ ਇਕ ਖ਼ਾਸ ਬੀੜ ਹੁੰਦਾ ਹੈ। ਉਹੀ ਉਸ ਨੂੰ ਢੁਕਦਾ ਹੈ, ਫਬਦਾ ਹੈ...ਉਹੀ ਬੀੜ ਦਿਲ ਨੂੰ ਟੁੰਬਦਾ ਹੈ, ਜਜ਼ਬੇ ਨੂੰ ਖਲ੍ਹਾਰਦਾ ਹੈ, ਵਲਵਲਾ ਜਗਾਉਂਦਾ ਹੈ, ਖ਼ੂਨ ਦਾ ਦੌਰਾ ਤੇਜ਼ ਜਾਂ ਸ਼ਾਂਤ ਕਰਦਾ ਹੈ, ਕੰਨਾਂ ਨੂੰ ਤੇ ਦਿਲ ਨੂੰ ਭਾਉਂਦਾ ਹੈ। ਉਸ ਦੀ ਹੀ ਕੌਮ ਦੇ ਦਿਲ ਨਾਲ ਸਾਂਝ ਹੁੰਦੀ ਹੈ; ਸਿਰਫ਼ ਉਹ ਹੀ ਉਸ ਕੌਮਾਂ ਦੇ ਲੋਕਾਂ ਨੂੰ ਆਪਣਾ ਢਿਡੋਂ-ਜਾਇਆ ਲਗਦਾ ਹੈ। ਪੰਜਾਬੀ ਵਿਚ ਬੋਲੀ ਹੈ, ਕਬਿਤ, ਦੋਹਰਾ, ਬੈਂਤ, ਕਾਫੀ, ਗ਼ਜ਼ਲ ਹੈ। ਹੋਰ ਅਨੇਕਾਂ ਪ੍ਰਕਾਰ ਦੀ ਮਾਪਾਂ ਤੋਲਾਂ ਵਿਚ ਬੱਝੀ, ਕਿਸੇ ਨ ਕਿਸੇ ਬੀੜ ਵਿਚ ਬੱਝੀ ਕਵਿਤਾ ਹੈ। ਇਹ ਸਾਡੀ ਕਵਿਤਾ ਹੈ। ਇਸ ਦਾ ਲੰਮਾ ਇਤਿਹਾਸ ਤੇ ਲੰਮੀ ਰਵਾਇਤ ਹੈ। ਕਵਿਤਾ ਦੇ ਫ਼ਨ ਦੇ ਮਾਹਿਰਾਂ ਨੇ, ਮਹਾਨ ਕਵੀਆਂ ਨੇ ਇਹਨਾਂ ਠੁੱਕਾਂ ਤੇ ਬੀੜਾਂ ਵਿਚ ਤਬਦੀਲੀਆਂ ਜ਼ਰੂਰ ਕੀਤੀਆਂ ਹਨ...ਪਰ ਕੀਤੀਆਂ ਹਨ ਇਹਨਾਂ ਦੇ ਸੁਭਾਅ, ਮਿਜ਼ਾਜ਼ ਦੇ ਅਨੁਕੂਲ ਹੀ।

ਜੇ ਪੰਜਾਬੀ ਵਿਚ ਖੁਲ੍ਹੀ ਕਵਿਤਾ, ਵਾਰਤਕ-ਨੁਮਾ ਕਵਿਤਾ ਦੀ ਰਵਾਇਤ ਜਾਂ ਰਵਾਜ ਨਹੀਂ ਹੈ ਤਾਂ ਇਹ ਸਾਡੀ ਜ਼ਬਾਨ ਦੀ ਕੋਈ ਕਮਜ਼ੋਰੀ ਜਾਂ ਐਬ ਨਹੀਂ ਹੈ। ਇਹ ਆਪਣੀ ਆਪਣੀ ਗੱਲ ਹੈ। ਅੰਗਰੇਜ਼ੀ ਵਿਚ ਬੈਂਤ ਨਹੀਂ ਹੈ, ਰੂਸੀ ਵਿਚ ਗ਼ਜ਼ਲ ਨਹੀਂ ਹੈ। ਜੇ ਪੰਜਾਬੀ ਵਿਚ ਖੁਲ੍ਹੀ ਕਵਿਤਾ ਨਹੀਂ ਹੈ ਤਾਂ ਇਸ ਬਾਰੇ ਝੇਂਪਣ ਦੀ ਕੀ ਲੋੜ ਹੈ ? ਕੀ ਇਹ ਜ਼ਰੂਰੀ ਹੈ ਕਿ ਜੋ ਕੁਝ ਪੱਛਮ ਵਿਚ ਹੈ, ਉਹ ਜ਼ਰੂਰ ਹੀ ਚੁਕ ਕੇ, ਇਥੇ ਲਿਆਉਣਾ ਹੈ। ਅਤੇ ਜਦ ਤਕ ਆ ਨਹੀਂ ਜਾਂਦਾ, ਉਦੋਂ ਤਕ ਹੀਣੇ ਹੀਣੇ ਮਹਿਸੂਸ ਕਰਨਾ ਹੈ। ਸਾਡੇ ਜੇ ਪਿਆਨੋ ਨਹੀਂ, ਤਾਂ ਸਾਡੇ ਮ੍ਰਿਦੰਗ ਹੈ, ਸਾਰੰਗੀ ਹੈ, ਸਿਤਾਰ ਹੈ। ਅਸੀਂ ਸੰਗੀਤ ਦੇ ਖੇਤਰ ਵਿਚ ਤੇ ਰਾਗਾਂ ਵਿਚ ਕਿਸੇ ਭੜੂਏ ਪੱਛਮ ਨਾਲੋਂ ਪਿਛੇ ਨਹੀਂ ਹਾਂ। ਇਹ ਗ਼ੁਲਾਮੀ ਦੀ ਜ਼ਹਿਨੀਅਤ ਹੀ ਹੈ (ਤੇ ਇਸ ਦੇ ਸਿਰ ਸੌ ਜੁਤੀਆਂ !) ਕਿ ਪੱਛਮ ਦਾ ਸਭ ਕੁਝ ਵਧੀਆ ਤੇ ਸਾਡਾ ਆਪਣਾ ਸਭ ਕੁਝ ਘਟੀਆ... ਤੇ ਪੱਛਮ ਦੀ ਨਕਲ ਕਰਨਾ ਸਾਡਾ ਪਰਮੋ ਧਰਮਾ !!

ਸਾਡੀ ਬੋਲੀ ਹੈ ਹੀ ਕਾਵਮਈ ਤੇ ਇਸ ਵਿਚ ਹੈ ਹੀ ਸੁਧੀ ਕਵਿਤਾ। ਪੰਜਾਬੀ ਤਾਂ ਕੂੰਦਾ ਹੀ ਅਲੰਕਾਰ ਤੇ ਉਪਮਾਂ ਵਿਚ ਹੈ। ਮੋਟਾ ਬੰਦਾ ਤੁਰਿਆ ਆਉਂਦਾ ਵੇਖ ਕੇ ਉਹ ਸੁਭਾਵਿਕ ਹੀ ਕਹੇਗਾ "ਇਹ ਹਾਥੀ ਕਿਧਰ ?"; ਨਾਚੀਜ਼ ਜਿਹੀ ਜ਼ਨਾਨੀ ਆਉਂਦੀ ਵੇਖ ਕੇ ਕਹੇਗਾ, "ਇਹ ਕਾਂ ਗਿਹਾਰੀ ਕਿਥੋਂ ?" ਮਾੜੀਆਂ ਛਾਤੀਆਂ ਵਾਲੀ ਭਾਬੀ ਨੂੰ ਵੇਖ ਕੇ ਕਹੇਗਾ, "ਸਾਡਾ ਭਰਾ ਖੁਸਰਾ ਵਿਆਹ ਲਿਆਇਆ।" ਪੰਜਾਬੀ ਕਦੀ ਨਹੀਂ ਕਹਿੰਦਾ ਔਹ ਇਸਤਰੀ ਅਤੀ ਸੁੰਦਰ ਹੈ ਤੇ ਜਾਂ ਉਸ ਦਾ ਚਿਹਰਾ ਸੁਹੱਪਣ ਦਾ ਲਖਾਇਕ ਹੈ, ਉਹ ਕਹੇਗਾ ਉਹ ਪਰੀ ਆ, ਚੰਨ ਵਰਗਾ ਚਿਹਰਾ ਉਸ ਦਾ, ਉਹ ਈਦ ਦਾ ਚੰਨ ਆ। ਉਹ ਮੋਤੀਆਂ ਦੇ ਦਾਣਿਆਂ ਦੀ, ਪੱਕੇ ਨਿੰਬੂਆਂ ਦੀ, ਪਿੰਡਾ ਹੰਢਾਉਣ ਦੀ, ਹੱਡ ਭੰਨਾਉਣ ਦੀ ਗੱਲ ਕਰੇਗਾ। ਉਹ ਹਮੇਸ਼ਾ ਪਹਾੜ ਜਿੱਡਾ ਜਿਗਰਾ, ਦੇਅ ਜਿੱਡਾ ਆਦਮੀ ਕਹੇਗਾ।

ਤੇ ਇਧਰ ਇਹ ਸਾਡੇ ਆਧੁਨਿਕ/ਪ੍ਰਯੋਗਵਾਦੀ/ਕ੍ਰਾਂਤੀਕਾਰੀ ਕਵੀ, ਕੁਝ ਇਧਰੋਂ ਕੁਝ ਉਧਰੋਂ ਚੁਕ ਚੁਕਾ ਕੇ ਭਾਨੂਮਤੀ ਦਾ ਕੁੰਨਬਾ ਜੋੜਦੇ ਹਨ, ਵਾਰਤਕ ਨਾਲੋਂ ਵੀ ਸਾਧਾਰਨ ਜਿਹੀ ਵਾਰਤਕ ਲਿਖ ਕੇ, ਉਸ ਦੀਆਂ ਸਤਰਾਂ ਕੱਟ ਕੇ ਉਸ ਨੂੰ ਕਵਿਤਾ ਆਖੀ ਜਾਂਦੇ ਹਨ...ਚੁਕਦੇ ਹਨ ਇਧਰੋਂ

ਉਧਰੋਂ ਦਿਮਾਗ਼ੀ ਖ਼ਿਆਲ, ਥਾਉਂ ਕੁਥਾਉਂ ਅੱਧ ਪਚੱਧੀਆਂ ਟੂਕਾਂ, ਦੇਸੋਂ ਪ੍ਰਦੇਸੋਂ ਇਕੱਠੇ ਕਰਦੇ
ਹਨ ਅਤੇ ਅੰਗਰੇਜ਼ੀ ਸਾਹਿਤ ਵਿਚੋਂ ਚੁਕਦੇ ਹਨ ਰੂਪਕ ਅਤੇ ਉਪਮਾਵਾਂ...ਅਤੇ ਉਹਨਾਂ ਦੀ
ਪਾਲਬੰਧੀ ਜਾਂ ਲਾਮਬੰਧੀ ਕਰਕੇ ਇਸ "ਕਵਿਤਾ" ਨਾਲ ਰਿਸਾਲਿਆਂ ਦੇ ਸਫ਼ਿਆਂ ਦੇ ਸਫ਼ੇ ਠੇਕੀ
ਜਾ ਰਹੇ ਹਨ। ਜੇ ਇਹ ਕਵਿਤਾ ਹੈ ਤਾਂ ਫਿਰ ਵਾਰਤਕ ਕੀ ਹੁੰਦੀ ਹੈ ??

"ਮੈਂ ਇਕ ਆਵਾਜ਼ ਹਾਂ। ਆਪਣੀ ਮੌਤ ਤੋਂ ਪਹਿਲਾਂ ਹਜ਼ਾਰਹਾ ਜਿਸਮ ਬਣ ਕੇ ਨਿਕਲ
ਜਾਵਾਂਗਾ। ਤੂਫ਼ਾਨਾਂ ਦੇ ਉਡਾਏ ਬੀਜ ਮੌਸਮ ਆਉਣ 'ਤੇ ਮੁੜ ਫ਼ਸਲ ਬਣ ਕੇ ਉਗ ਪੈਂਦੇ ਨੇ।"
(ਜਗਤਾਰ) ਅਤੇ "ਮੈਂ ਪਿੰਜਰੇ-ਬੰਦ ਇਕ ਸਿਫ਼ਰਾ ਖ਼ਿਲਾਅ ਅੰਦਰ ਭਟਕਦਾ ਹਾਂ। ਮੇਰੀ ਆਪਣੀ
ਖ਼ਾਮੋਸ਼ੀ ਬਿਨ ਕੋਈ ਸਾਥੀ ਨਹੀਂ ਮੇਰਾ। ਕੋਈ ਰਸਤਾ ਨਹੀਂ ਕਿ ਤੁਰ ਕੇ ਆਪਣੇ ਕੋਲ ਹੀ
ਆ ਜਾਵਾਂ।" (ਹਰਿਭਜਨ ਸਿੰਘ) ਇਹ ਦੋਵੇਂ "ਕਵਿਤਾਵਾਂ" ਜੂਨ ਦੇ ਸੇਧ, ਸਫ਼ਾ 49 ਉਤੇ ਹਨ।
ਇਹਨਾਂ ਵਿਚ ਬਸ ਲੀਕਾਂ ਪਾ ਦਿਉ। ਫਿਰ ਇਹ ਕਵਿਤਾ ਹੈ — ਇਹ ਕਵੀ ਸਾਨੂੰ ਇਹ ਮੱਤ
ਦੇਂਦੇ ਹਨ।

ਇਹਨਾਂ ਕਵੀਆਂ ਨੂੰ ਇਹ ਪਤਾ ਨਹੀਂ ਕਿ ਕਿਸੇ ਦਾ ਪਜਾਮਾਂ ਕਿਸੇ ਦੇ ਗਲ ਅਤੇ ਕਿਸੇ
ਦਾ ਬਲਾਊਜ਼ ਕਿਸੇ ਦੇ ਤੇੜ ਪਾਇਆਂ ਨਾ ਕਿਸੇ ਦੀ ਸ਼ਖ਼ਸੀਅਤ ਮਨੁਖੀ ਲਗਦੀ ਹੈ ਤੇ ਨਾ ਹੀ
ਕਾਵਿਮਈ। ਕਵਿਤਾ ਜਾਂ ਤਾਂ ਕਵਿਤਾ ਹੋਵੇਗੀ ਅਤੇ ਜਾਂ ਕਵਿਤਾ ਨਹੀਂ...ਇਕ ਬਹੁਰੂਪ, ਇਕ
ਪਾਖੰਡ, ਇਕ ਸ਼ਰਾਰਤ, ਇਕ ਚੂਤ ਚਲਾਕੀ, ਇਕ ਠੱਗੀ ਹੋਵੇਗੀ। ਮਿਸਾਲ ਵਜੋਂ ਲਿਬਾਸ
ਲਿਬਾਸ ਹੁੰਦਾ ਹੈ। ਉਹ ਚੋਗੇ ਜਾਂ ਮੈਕਸੀ ਜਿਡਾ ਵਡਾ ਵੀ ਹੋ ਸਕਦਾ ਹੈ, ਲੰਗੋਟ ਜਾਂ ਜਾਂਘੀਏ
ਜਿੱਡਾ ਛੋਟਾ ਵੀ; ਉਹ ਮਲਮਲ ਦਾ ਵੀ ਹੋ ਸਕਦਾ ਹੈ ਤੇ ਟਵੀਡ ਦਾ ਵੀ; ਉਹ ਐਚਕਨ ਵਰਗਾ
ਕਾਟਵਾਂ ਵੀ ਹੋ ਸਕਦਾ ਹੈ ਤੇ ਕੁਰਤੇ ਜਿੰਨਾ ਢਿੱਲਾ ਢੱਲਾ ਵੀ...ਪਰ ਹਰ ਲਿਬਾਸ ਕਿਸੇ ਕਾਰਜ
ਵਾਸਤੇ ਹੋਵੇਗਾ ਅਤੇ ਉਸ ਕਾਰਜ ਨੂੰ ਪੂਰਿਆਂ ਕਰਨ ਖ਼ਾਤਰ ਹੀ ਉਸ ਨੂੰ ਲਿਬਾਸ ਕਿਹਾ ਜਾਂਦਾ
ਹੈ। ਪਰ ਇਹ ਸੀ-ਥਰੂ (See-Through) ਲਿਬਾਸ ਲਿਬਾਸ ਨਹੀਂ ਹੈ, ਇਹ ਕਮਰਸ਼ਲ ਸੰਸਾਰ
ਦੀ ਠੱਗੀ ਹੈ, ਚਾਲਾਕੀ ਹੈ, ਇਕ gimmick ਹੈ, ਮੁਨਾਫ਼ਾ ਕਮਾਉਣ ਲਈ ਇਕ ਹੇਰਾ-ਫੇਰੀ ਹੈ।
ਸੀ-ਥਰੂ ਨਾਈਟੀ ਪਾਈ ਫਿਰਦੀ ਔਰਤ ਜਾਂ ਸੀ-ਥਰੂ ਕੁੜਤੇ ਪਜਾਮੇ ਵਾਲਾ ਮਰਦ ਨੰਗਮੁਨੰਗੀ
ਔਰਤ ਜਾਂ ਅਲਫ-ਨੰਗੇ ਆਦਮੀ ਨਾਲੋਂ ਕਿਵੇਂ ਵਖਰਾ ਹੈ ? ਜਿਵੇਂ ਸੀ-ਥਰੂ ਲਿਬਾਸ ਲਿਬਾਸ
ਨਹੀਂ ਹੈ, ਤਿਵੇਂ ਹੀ ਇਹ ਕਵਿਤਾ ਕਵਿਤਾ ਨਹੀਂ ਹੈ ਕਿਉਂਕਿ ਜਦ ਇਹ ਕਵਿਤਾ ਕਵਿਤਾ
ਦਾ ਕਾਰਜ ਹੀ ਨਹੀਂ ਨਿਭਾਉਂਦੀ, ਤਾਂ ਫਿਰ ਇਸ ਨੂੰ ਕਵਿਤਾ ਕਿਵੇਂ ਕਿਹਾ ਜਾਵੇ ? ਸੀਥਰੂ
ਲਿਬਾਸ ਪਾ ਕੇ ਚੰਚਲ ਨਾਰੀਆਂ ਕੈਬਰੇ ਹੀ ਕਰ ਸਕਦੀਆਂ ਨੇ, ਸਾਡੇ ਆਧੁਨਿਕ/ਪ੍ਰਯੋਗਵਾਦੀ/
ਕ੍ਰਾਂਤੀਕਾਰੀ ਕਵੀ ਵੀ ਇਸ ਕਵਿਤਾ ਨਾਲ ਕਦੀ 'ਪ੍ਰਯੋਗ' ਦਾ ਤੇ ਕਦੀ 'ਕ੍ਰਾਂਤੀ' ਦਾ ਕੈਬਰੇ ਹੀ
ਨਚ ਸਕਦੇ ਹਨ।

ਇਕ ਪ੍ਰਯੋਗਵਾਦੀ ਕਵਿਤਾ : ਮੈਂ ਪੈਰ ਦੀ ਜੁਤੀ/ਤੀਵੀਂ ਦੀ ਧੌਣ ਦਾ ਮਣਕਾ/ਆਦਿ
ਸੱਚ ਜੁਗਾਦ ਸੱਚ/ਸ਼ੇਰਾਂ ਦੇ ਇੱਜੜ 'ਚ ਘਿਰੀ ਭੇਡ/ਸੂਰਾਂ ਦੇ ਪਿੰਡੇ 'ਤੇ ਉੱਗੀ ਮਖਮਲ/
ਗੰਦੇ ਤਲਾਅ 'ਚੋਂ ਕਾਈ ਪੁਟ ਸਕਦੇ ਹੋ/ਤਾਂ ਪੁਟ ਲਉ।"
ਤੇ ਇਕ ਕ੍ਰਾਂਤੀਕਾਰੀ ਕਵਿਤਾ : "ਮੈਂ ਪੈਰ ਦੀ ਜੁਤੀ/ਦੂਰੋਂ ਮੁਸ਼ਕ ਮਾਰਦੀ/ਧਨਵਾਨਾਂ
ਦੀ ਮ੍ਰਿਗੀ ਹਟਾਉਣ ਦਾ ਦਾਰੂ/ਮਲਕ ਭਾਗੋਆਂ ਲਈ ਅਜ਼ਰਾਈਲ/ਖੜਕਾਂਗੀ ਮੈਂ/
ਯੁਧ ਦੇ ਨਗਾਰੇ ਦੀਆਂ ਚੋਟਾਂ ਵਾਂਗ/ਗੂੰਜਾਂਗੀ/ਯੁਧ ਖੇਤਰ ਵਿਚ..." (ਦਸਣਾ, ਸ਼ਾਮ



ਤਕ ਕਿੰਨੀਆਂ ਕੁ ਅਜਿਹੀਆਂ "ਕਵਿਤਾਵਾਂ" ਦੀਆਂ ਬੀੜਾਂ ਫਿੱਟ ਕਰਾਂ ?)

ਜਿਵੇਂ ਕਿ ਅਸਾਂ ਸ਼ੁਰੂ ਵਿਚ ਕਿਹਾ ਹੈ ਕਿ ਡਾ: ਰਵੀ ਨੇ ਜਿਹੜਾ ਕੰਮ ਕੀਤਾ, ਉਹ ਗ਼ਲਤ ਕੀਤਾ। ਵਿਹਲੀ ਜਟੀ ਵਾਂਗ ਉਹ ਵੇਲ੍ਹਣ ਬਹਿ ਗਿਆ ਉੱਨ, ਤੇ ਕਹੇ : ਆਹ ਵੇਖੋ, ਮੈਂ ਕਪਾਹ ਵੇਲੀ ਜੇ ਤੇ ਵਿਚੋਂ ਆਹ ਰੂੰ ਤੇ ਆਹ ਵੜੇਵੇਂ ਨਿਕਲੇ ਆ !!

ਦੂਸਰਾ ਕੰਮ ਜਿਹੜਾ ਉਸ ਨੂੰ ਕਰਨਾ ਚਾਹੀਦਾ ਸੀ, ਉਹ ਉਸ ਕੀਤਾ ਹੀ ਨਹੀਂ। ਇਸ "ਕਵਿਤਾ" ਦੇ "ਰਚਨਹਾਰਿਆਂ" ਦਾ ਉਸ ਆਮ ਜਿਹਾ "ਜਮਾਤੀਕਰਨ" ਕਰਕੇ ਕਿ ਉਹ ਮਧਸ਼ਰੇਣੀ ਵਿਚੋਂ ਹਨ, ਨਾਲ ਹੀ ਉਹਨਾਂ ਨੂੰ ਬੁਧੀਜੀਵੀ ਹੋਣ ਦਾ ਸਰਟੀਫੀਕੇਟ ਦੇ ਦਿਤਾ। ਇਹ ਕਵੀ ਮੋਟੇ ਤੌਰ 'ਤੇ ਮਧ-ਸ਼ਰੇਣੀ ਵਿਚੋਂ ਹੋ ਸਕਦੇ ਹਨ, ਹਨ ਵੀ। ਇਹ ਜ਼ਿਆਦਾਤਰ ਸ਼ਹਿਰੀ ਲੋਕ ਹਨ; ਲੂਣ-ਮੰਡੀ, ਤੇਲ-ਮੰਡੀ ਦੀ ਪੈਦਾਵਾਰ। ਇਹ ਸਕੂਲਾਂ ਕਾਲਿਜਾਂ ਵਿਚ ਪੜ੍ਹ ਪੜ੍ਹਾ ਕੇ, ਹੁਣ ਤਾਲੀਮੀ-ਖੇਤਰ ਵਿਚ ਹਨ, ਜ਼ਿਆਦਾਤਰ। ਇਹ ਸਭ ਗੱਲਾਂ ਠੀਕ ਹਨ। ਪਰ ਇਹਨਾਂ ਨੂੰ ਬੁਧੀਜੀਵੀ ਹੋਣ ਦਾ ਸਰਟੀਫੀਕੇਟ ਕਿਸ ਦਿਤਾ ਹੈ ? ਮੰਨਿਆ, ਇਹ ਕਮਾਦ ਦੀ ਗੋਡੀ ਨਹੀਂ ਕਰਦੇ ਜਾਂ ਖ਼ਰਾਦ ਮਸ਼ੀਨ 'ਤੇ ਕੰਮ ਨਹੀਂ ਕਰਦੇ...ਪਰ ਇਹ ਬੁਧੀਜੀਵੀਆਂ ਦਾ ਵੀ ਤਾਂ ਰੋਲ ਅਦਾ ਨਹੀਂ ਕਰਦੇ ਕਿਉਂਕਿ ਇਹਨਾਂ ਦਾ ਲੋਕਾਂ ਨਾਲ, ਆਪਣੇ ਲੋਕਾਂ ਨਾਲ, ਉਹਨਾਂ ਦੇ ਜੀਊਣ-ਥੀਊਣ ਦੇ ਢੰਗਾਂ ਨਾਲ, ਉਹਨਾਂ ਦੇ ਦੁਖਾਂ ਸੁਖਾਂ ਨਾਲ ਕੋਈ ਲੇਕਾ-ਦੇਕਾ ਨਹੀਂ ਹੈ। ਇਹਨਾਂ ਆਪਣੇ ਆਪ ਨੂੰ (ਵਿਅਕਤਤਵ) ਸਭ ਤੋਂ ਅਗੇ ਧਰਿਆ ਹੋਇਆ ਹੈ। ਇਹਨਾਂ ਆਪਣੇ ਆਪੇ ਨੂੰ ਵੰਝ 'ਤੇ ਚੜ੍ਹਾਇਆ ਹੋਇਆ ਹੈ ਤੇ ਮੂੰਹ ਅਗੇ ਆਪਣਾ ਧੂਤੂ ਫਿੱਟ ਕੀਤਾ ਹੋਇਆ ਹੈ ਤੇ ਇਹ ਆਪਣੀ ਹੀ ਬੋਲੀ ਬੋਲਦੇ ਹਨ। ਇਹ ਪ੍ਰਯੋਗਵਾਦੀ ਬੋਲੀ ਵੀ ਬੋਲਦੇ ਹਨ ਅਤੇ ਕਦੀ ਕਦੀ ਕ੍ਰਾਂਤੀਕਾਰੀ ਵੀ.. ਪਰ ਬੋਲਦੇ ਹਨ ਆਪਣੀ ਹਉਮੈ, ਆਪਣੇ ਵਿਅੱਕਤਤਵ ਨੂੰ ਪੱਠੇ ਪਾਉਣ ਲਈ ਹੀ। ਇਹਨਾਂ ਦੀਆਂ "ਕਵਿਤਾਵਾਂ" ਵਿਚ "ਮੈਂ ਮੈਂ" ਬਹੁਤ ਹੈ (ਕਹੋ ਤਾਂ ਮਿਸਾਲਾਂ ਦੇਵਾਂ ?) ਇਹ ਬੁਧੀਜੀਵੀ ਨਹੀਂ, ਇਹ ਤਾਂ ਸਾਡੇ ਪਰੋਹਿਤ ਹਨ, ਬ੍ਰਾਹਮਣ ਹਨ ਜਿਹੜੇ ਪੜ੍ਹਣ ਪੜ੍ਹਾਣ ਦੇ ਧੰਦੇ 'ਚੋਂ ਆਪਣਾ ਦਾਲ ਫੁਲਕਾ ਚਲਾ ਰਹੇ ਹਨ। ਇਹਨਾਂ ਨੂੰ ਸੂਝਵਾਨਾਂ, ਵਿਚਾਰਵਾਨਾਂ ਦਾ ਦਰਜ਼ਾ ਦੇ ਕੇ ਪੇਸ਼ ਕਰਨਾ ਸਮਾਜ ਨਾਲ ਸਿੱਧਾ ਧੱਕਾ ਹੈ।

ਕਿਸੇ ਸੁਸਾਇਟੀ ਵਿਚ ਪੰਜਾਹ, ਸੌ ਬੰਦਾ ਪਾਗ਼ਲ ਹੋ ਸਕਦਾ ਹੈ। ਇਹ ਪਾਗਲ ਬੰਦਾ, ਫ਼ਰਜ਼ ਕਰੋ, ਕੰਧਾਂ 'ਤੇ ਅਤੇ ਫਰਸ਼ ਉਤੇ ਕੀਚਘਚੋਲਾ ਵਾਹ ਦੇਂਦਾ ਹੈ। ਜੇ ਕੋਈ ਡਾ: ਰਵੀ ਵਰਗਾ ਸਿਆਣਾ ਬੰਦਾ ਇਸ ਕੀਚ ਘਚੋਲੇ ਨੂੰ ਆਧੁਨਿਕ ਕਲਾ ਜਾਂ ਕ੍ਰਾਂਤੀਕਾਰੀ ਕਲਾ ਕਹਿ ਕੇ ਇਸ ਦੀ "ਜਨਮ ਭੂਮੀ ਮਿਥਣ" ਜਾਂ ਉਸ ਦੇ "ਜਨਮ ਤੇ ਵਿਕਾਸ ਦਾ ਠੀਕ ਪ੍ਰਸੰਗ" ਮਿਥਣ ਬਹਿ ਜਾਏ ਤਾਂ ਉਸ ਦੀ ਮੱਤ ਨੂੰ ਕੀ ਕਹੋਗੇ ?

ਇਸ ਕੀਚ ਘਚੋਲੇ ਦਾ ਅਧਿਐਨ ਤਾਂ ਸਿਰਫ਼ ਇਸ ਪਖੋਂ ਹੀ ਹੋਣਾ ਚਾਹੀਦਾ ਸੀ ਕਿ ਇਸ ਅਧਿਐਨ ਰਾਹੀਂ ਇਹਨਾਂ "ਕਲਾਕਾਰਾਂ" ਦੀ ਔਹਰ ਦਾ ਪਤਾ ਕੀਤਾ ਜਾਵੇ। ਕੀ ਕੀ ਮਾਨਸਿਕ ਗੁੰਝਲਾਂ ਹਨ ਜਿੰਨਾਂ ਦਾ ਇਹ ਲੋਕ ਸ਼ਿਕਾਰ ਹਨ ? ਇਹਨਾਂ ਔਹਰਾਂ ਦਾ ਪਤਾ ਕਰਕੇ ਹੀ ਇਹਨਾਂ ਜੀਆਂ ਦੇ ਇਲਾਜ ਵਲ ਕੋਈ ਸਾਰਥਕ ਕਦਮ ਪੁੱਟਿਆ ਜਾ ਸਕਦਾ ਸੀ। ਬਸ ਇਹੀ ਕੰਮ ਸੀ, ਜਿਸ ਬਾਰੇ ਅਸਾਂ ਉਪਰ ਕਿਹਾ ਹੈ ਕਿ ਡਾ. ਰਵੀ ਨੂੰ ਇਹ ਕਰਨਾ ਚਾਹੀਦਾ ਸੀ ਜਿਹੜਾ ਉਸ ਨਹੀਂ ਕੀਤਾ। ਉਹ ਤਾਂ ਸਗੋਂ ਇਸ ਕੀਚ ਘਚੋਲੇ ਨੂੰ ਕਲਾ ਮੰਨ ਕੇ, ਇਸ ਨੂੰ ਆਦਰ ਮਾਣ ਬਖ਼ਸ਼ ਕੇ, "ਕਲਾਤਮਕ ਪਖ ਤੋਂ ਸਫ਼ਲ ਕਵਿਤਾ (ਸਫ਼ਾ 12) ਕਹਿ ਕੇ

ਇਸ ਦਾ ਗਿਆਨ ਆਪਣੇ ਪਾਠਕਾਂ ਨੂੰ ਦੇਣ ਬਹਿ ਗਿਆ।

ਚਾਹੀਦਾ ਇਹ ਸੀ ਕਿ ਡਾ. ਰਵੀ ਪਹਿਲਾਂ ਇਹ ਕਹਿੰਦਾ ਕਿ ਇਹ "ਕਵਿਤਾ" ਕਵਿਤਾ ਨਹੀਂ ਜੇ। ਫਿਰ ਉਹ ਅਜਿਹੀ ਕਵਿਤਾ ਦੇ ਰਚਣਹਾਰਿਆਂ ਦਾ ਮਾਨਸਕ ਵਿਸ਼ਲੇਸ਼ਣ ਕਰਨ ਦਾ ਜਤਨ ਕਰਦਾ। ਇਹ ਕਿਹੜੀ ਮਧ-ਸ਼ਰੇਣੀ ਦੇ ਲੋਕ ਹਨ ? ਕਿਸ ਸਮਾਜਕ ਅਤੇ ਰਹਿਣ-ਸਹਿਣ ਦੇ ਪਿਛੋਕੜ 'ਚੋਂ ਇਹ ਆਏ ਹਨ ? ਕਿਸ ਕਿਸਮ ਦੀ ਤਾਲੀਮ ਪਾਈ ਹੈ ਇਹਨਾਂ ? ਕਿਸ ਕਿਸਮ ਦੇ ਪਛਮ ਦੇ ਲੇਖਕਾਂ ਕੋਲੋਂ ਇਹ ਵਧੀਕ ਪ੍ਰਭਾਵਿਤ ਹੋਏ ਹਨ ? ਇਹਨਾਂ ਦੀ ਜ਼ਿੰਦਗੀ ਵਿਚ ਘੁਟਣ ਕਿਉਂ ਹੈ ? ਕਿਹਨਾਂ ਕਿਹਨਾਂ ਮਾਨਸਕ ਗੁੰਝਲਾਂ ਦੇ ਇਹ ਸ਼ਿਕਾਰ ਨੇ ? ਇਹ ਰੋਗੀ ਕਿਉਂ ਨੇ ? ਇਹਨਾਂ ਨੂੰ ਕਿਸੇ ਹੋਰ ਦਾ, ਕਿਸੇ ਦੂਜੇ ਮਾਂ ਦੇ ਜਾਏ ਦਾ ਦੁਖ ਦਰਦ ਕਿਉਂ ਨਹੀਂ ਪੋਂਹਦਾ ? ਹਰ ਵੇਲੇ ਇਹ ਆਪਣੇ ਦੁਖ ਦਾ ਹੀ, ਆਪਣੇ ਵਿਅਕਤਤਵ ਦਾ, ਆਪਣੇ 'ਖਿੰਡੇ-ਪੁੰਡੇ ਆਪੇ' ਦਾ ਹੀ ਰੋਣਾ ਕਿਉਂ ਰੋਂਦੇ ਹਨ ? ਇਹ 'ਗੁਆਚੇ' ਕਿਉਂ ਹਨ ? ਇਹ "ਉਲੂ ਦੇ ਪੱਠੇ" ਕਿਉਂ ਹਨ ? ਇਹਨਾਂ ਦੀਆਂ ਪਿਠਾਂ 'ਤੇ ਜੰਗਲ ਕਿਉਂ ਉਗਦਾ ਹੈ ? ਇਹ ਹਮੇਸ਼ਾਂ ਸਲੀਬ ਚੁਕ ਕੇ ਹੀ ਕਿਉਂ ਫਿਰਦੇ ਹਨ ? ਇਹ ਜ਼ਰਾ ਜ਼ਰਾ, ਚੀਣਾ ਚੀਣਾ ਕਿਉਂ ਹੁੰਦੇ ਰਹਿੰਦੇ ਹਨ ? ਇਹਨਾਂ ਦੀ ਕਵਿਤਾ ਕੁੱਤੇ ਵਾਂਗ ਕਿਉਂ ਭੌਂਕਦੀ ਹੈ ? ਇਹ ਔਝੜ ਰਾਹਾਂ 'ਤੇ 'ਕੱਲੇ ਆਪ ਹੀ ਕਿਉਂ ਘੁੰਮਦੇ ਹਨ ? ਇਹ "ਇਕਲਾਪੇ, ਨਿਰਾਜਤਾ, ਆਦਰਸ਼ਹੀਣਤਾ, ਨਿਰਾਰਥਕਤਾ, ਵਿਸੰਗਤੀ, ਉਦਾਸੀਨਤਾ, ਸਿਥਲਤਾ, ਦਿਸ਼ਾਹੀਣਤਾ, ਵਿਅਕਤੀ-ਵਿਚਿਤ੍ਰਤਾ" ਜਿਹੇ ਰੋਗਾਂ ਦਾ ਸ਼ਿਕਾਰ ਕਿਉਂ ਹਨ ? (ਮਈ ਅੰਕ, ਸਫ਼ਾ 7, ਅਖ਼ੀਰਲਾ ਪੈਰਾ — ਡਾ: ਰਵੀ ਦੇ ਲੇਖ ਦਾ ਇਹ ਪੂਰਾ ਪੈਰਾ ਧਿਆਨ ਨਾਲ ਪੜ੍ਹ ਕੇ, ਡੂੰਘੀ ਤਰ੍ਹਾਂ ਵਿਚਾਰ ਕਰਨ ਵਾਲਾ ਹੈ) ਇਹ ਲੋਕ ਵਿਜੋਗੇ ਹੋਏ ਕਿਉਂ ਹਨ ?

ਜਾਂ ਹੋਰ ਪਾਸਿਉਂ ਹੱਥ ਪਾਉ : ਇਹਨਾਂ ਨੇ ਕਿਹੜਾ ਪੱਛਮੀ ਸਾਹਿਤ ਪੜ੍ਹਿਆ ਹੈ ? ਕਿਸ ਕਿਸ ਲੇਖਕ ਤੋਂ ਇਹ ਵਧੇਰੇ ਪ੍ਰਭਾਵਿਤ ਹੋਏ ਹਨ ? ਆਪਣੀ ਦਿਮਾਗੀ ਅਯਾਸ਼ੀ ਲਈ ਛਾਤੀ ਪਿਟਣਾ ਜਾਂ ਪੱਛਮ ਦੀਆਂ ਸਾਹਿਤਕ ਤੇ ਕਮਰਸ਼ਲ-ਸਾਹਿਤਕ ਰੌਆਂ ਅਤੇ ਰੁਹਝਾਨਾਂ ਨੂੰ ਹਿੱਕ ਨਾਲ ਲਾ ਕੇ ਸਿੱਠੀ-ਸਿਆਪਾ ਕਰੀ ਜਾਣਾ ਇਹਨਾਂ ਕਿਥੋਂ ਸਿਖਿਆ ਹੈ ? ਪੱਛਮੀ ਕਵਿਤਾ ਦੀ ਜੂਠ ਦਾ "ਅੰਮ੍ਰਿਤ ਪਾਨ" ਕਰਕੇ ਉਸ ਨੂੰ ਮੁੜ ਉੱਗਲਛਣ ਦੀ ਇਹਨਾਂ ਨੂੰ ਕੀ ਮਜ਼ਬੂਰੀ ਹੈ ? ਇਹ ਕੌਣ 'ਲੋਗ' ਹਨ ਜਿਨ੍ਹਾਂ ਨੇ ਨਾ ਸਿਰਫ਼ ਪੱਛਮੀ ਕਵਿਤਾ ਦੀ ਜੂਠ ਦਾ 'ਅਮ੍ਰਿਤਪਾਨ' ਹੀ ਨਹੀਂ ਕੀਤਾ ਬਲਕਿ ਆਪਣੀਆਂ ਆਦਤਾਂ, ਵਰਤਣ ਵਰਤਾਵ, ਗੋਲੀਆਂ ਤੇ ਨਸ਼ਿਆਂ ਦੀ ਵਰਤੋਂ ਆਦਿ ਦੀ "ਸਿਖਿਆ" ਵੀ ਪੱਛਮ ਦਿਆਂ "ਬੈਸਟ ਸੈਲਰਜ਼" 'ਚੋਂ ਹੀ ਲਈ ਹੈ। ਇਹ ਉਹ ਹਨ ਜੋ ਦਾਰੂ ਪੀ ਕੇ ਸੜਕਾਂ 'ਤੇ ਖਰੂਦ ਕਰਦੇ ਹਨ, ਘਰਾਂ ਸਾਹਮਣੇ ਖਲੋ ਕੇ ਗੰਦ ਬਕਦੇ ਹਨ, ਜਿਨ੍ਹਾਂ ਦੀਆਂ ਪੱਗਾਂ ਬੱਸਾਂ ਵਿਚ ਲਹਿੰਦੀਆਂ ਹਨ, ਜਿਨ੍ਹਾਂ ਦੇ ਕਰੈਕਟਰ ਬਾਰੇ, ਜਿਨ੍ਹਾਂ ਤਾਲੀਮੀ ਅਦਾਰਿਆਂ ਦੇ ਵਿਚ ਉਹ ਕੰਮ ਕਰਦੇ ਹਨ ਜਾਂ ਜਿਹਨਾਂ ਦੇ ਮੁਖੀ ਹਨ, ਅਸਲ ਜਾਣਕਾਰੀ ਉਥੋਂ ਮਿਲਦੀ ਹੈ, ਇਹ ਲੋਕ ਇਕੱਲਤਾ, ਮੁਕੰਮਲ ਵਿਜੋਗਤਾ, ਲਿੰਗ-ਸਬੰਧਾਂ ਤੇ ਦੁਰਸਬੰਧਾਂ ਬਾਰੇ ਲਿਖਣ ਉਤੇ ਹੀ ਕਿਉਂ ਬਜ਼ਿੱਦ ਹਨ ? ਜਾਂ ਪਸ਼ੂ-ਪਧਰ 'ਤੇ ਜੀਊਣਾ ਹੈ ਅਤੇ ਜਾਂ ਬਿਲਕੁਲ ਅਟੰਕ ਹੋ ਜਾਣਾ ਹੈ — ਇਹੀ ਇਹਨਾਂ ਦੀ ਚਾਹ ਕਿਉਂ ਹੈ ?

ਬੁਧੀਜੀਵੀ, ਸਾਹਿਤਕਾਰ, ਕਲਾਕਾਰ ਉਹ ਹੁੰਦਾ ਹੈ ਜਿਸ ਦਾ ਮਨ ਪਹਿਲਾਂ ਮਨੁਖ ਦੇ ਦੁਖ ਦਰਦ ਦੀ ਪੀੜ ਮਨਾਉਂਦਾ ਹੈ। ਮਨੁਖ ਦੀ ਦੁਖੀ ਦਸ਼ਾ ਉਹ ਜਰ ਨਹੀਂ ਸਕਦਾ..."ਦਿਲੇ ਗੁਦਾਜ਼



ਪੈਦਾ ਕਰੇ ਕੋਈ" — ਉਸ ਦਾ ਅੰਦਰਲਾ ਮਨੁਖ ਦੇ ਦੁਖ ਨਾਲ ਦੁਖੀ ਹੁੰਦਾ ਹੈ...ਉਹ ਤਾਂਅ ਸਾਹਿਤਕਾਰੀ ਵਲ, ਕਲਾ ਵਲ ਆਉਂਦਾ ਹੈ। ਉਹ ਇਸ ਪਾਸੇ ਇਸ ਲਈ ਨਹੀਂ ਆਉਂਦਾ ਕਿਉਂਕਿ ਉਸ ਨੂੰ ਆਪ ਕੋਈ ਦੁਖ ਹੈ ਜਾਂ ਕਿਉਂਕਿ ਉਸ ਸਮਝ ਲਿਆ ਹੈ ਕਿ ਉਸ ਨੂੰ ਕੋਈ ਦੁਖ ਹੈ। ਉਹ ਲੋਕਾਈ ਲਈ ਸੀਨੇ ਵਿਚ ਦਰਦ ਰਖਦਾ ਹੈ, ਉਹ ਲੋਕਾਈ ਲਈ ਪੱਛਿਆ ਜਾਂਦਾ ਹੈ, ਲਹੂ ਲੁਹਾਣ ਹੁੰਦਾ ਹੈ, ਤਾਂਅ ਕਿਤੇ ਜਾ ਕੇ ਉਹ ਸਾਹਿਤਕ ਰਚਨਾ ਕਰਦਾ ਹੈ। ਉਹ ਇਸ ਲਈ ਸਾਹਿਤਕਾਰ ਜਾਂ ਕਲਾਕਾਰ ਨਹੀਂ ਬਣਦਾ ਕਿਉਂਕਿ ਉਸ ਇਸ ਕਲਾ ਦੇ "ਚਾਰ ਹਥ" ਸਿਖ ਲਏ ਹੁੰਦੇ ਹਨ ਅਤੇ ਕਿਉਂਕਿ ਉਹ ਇਸ "ਗਤਕਾ ਬਾਜ਼ੀ" ਦੇ ਯੋਗ ਹੋ ਗਿਆ ਹੁੰਦਾ ਹੈ।

ਸਾਡੇ ਇਹ "ਗਤਕਾਬਾਜ਼" "ਕਵਿਤਾਵਾਂ" ਲਿਖੀ ਜਾ ਰਹੇ ਹਨ। ਇਹੋ ਦਸ, ਵੀਹ, ਪੰਜਾਹ ਆਦਮੀ ਹਨ ਜਿਹੜੇ "ਧੂੜਾਂ ਪੱਟੀ ਜਾ ਰਹੇ ਹਨ", ਜਿਹੜੇ ਇਕ ਦੂਜੇ ਨਾਲੋਂ ਅਗਾਂਹ ਵਡੇਰੀ ਛਾਲ ਮਾਰ ਕੇ ਵਿਖਾਉਣ ਦੇ ਚਾਹਵਾਨ ਹਨ, ਜਿਹੜੇ ਇਕ ਧਾਰਾ ਦੀ ਮੌਤ ਦਾ ਅਤੇ ਫਿਰ ਨਵੀਂ ਧਾਰਾ ਦੇ ਜਨਮ ਦਾ ਐਲਾਨ ਕਰਦੇ ਹਨ, ਜਿਹੜੇ ਨਿਤ, ਚੜ੍ਹਦੇ ਦਿਨ ਨਵੇਂ ਪ੍ਰਯੋਗ ਜਾਂ ਕਰਾਂਤੀ ਦਾ ਝੰਡਾ ਵੰਝ 'ਤੇ ਚੜ੍ਹਾਉਂਦੇ ਹਨ। ਬਿਗਲ ਵੀ ਇਹਨਾਂ ਦੇ ਮੂੰਹ ਅਗੇ ਹੀ ਹੈ, ਆਪਣੀ ਜਿੱਤ ਦੀ ਸੁਰ ਵੀ ਇਹੀ ਅਲਾਪਦੇ ਹਨ, ਖ਼ਲਕਤ ਵੀ ਇਹ ਆਪ ਹੀ ਹਨ; "ਨਵੇਂ ਰੁਹਝਾਣਾਂ" ਦੇ ਜਨਮਦਾਤੇ ਵੀ ਇਹੀ ਅਤੇ ਇਹਨਾਂ ਰੁਹਝਾਣਾਂ 'ਤੇ ਚਲਣ ਵਾਲੇ ਪੈਰੋਕਾਰ ਵੀ ਇਹੀ। ਗੁਰੂ ਵੀ ਇਹੀ, ਸੰਗਤ ਵੀ ਇਹੀ। ਘੋੜੇ ਵੀ ਇਹੀ, ਮਖੀ ਵੀ ਇਹੀ...ਤੇ ਇਹ ਘੋੜੇ ਆਪਣੇ ਆਪ ਬਾਰੇ ਆਪ ਹੀ ਕਹਿੰਦੇ ਹਨ ਕਿ ਅਸੀਂ ਉਸ ਨਸਲ ਦੇ ਹਾਂ ਜਿਹੜੀ ਪਿੰਡੇ 'ਤੇ ਮੱਖੀ ਨਹੀਂ ਬਹਿਣ ਦੇਂਦੀ !!

ਜਦੋਂ ਅਸੀਂ ਇਹਨਾਂ ਆਧੁਨਿਕ/ਪ੍ਰਯੋਗਵਾਦੀ/ਕ੍ਰਾਂਤੀਕਾਰੀ ਕਵੀਆਂ ਦੀ ਵਾਰਤਕ-ਨਾਲੋਂ-ਵੀ-ਭੈੜੀ ਵਾਰਤਕ-ਨੁਮਾ ਕਵਿਤਾ ਨੂੰ ਨਿੰਦਦੇ ਹਾਂ ਤਾਂ ਇਹ ਤੁਕਬੰਦੀ ਵਾਲੀ ਕਵਿਤਾ (ਸਿੰਘ ਸੂਰਮੇ ਚੜ੍ਹੇ ਸ਼ਿਕਾਰ,ਮੱਖੀ ਘੇਰੀ ਵਿਚ ਬਾਜ਼ਾਰ...) ਦਾ ਮਜ਼ਾਕ ਉਡਾਣ ਬਹਿ ਜਾਂਦੇ ਹਨ। ਭੈੜੀ ਕਵਿਤਾ ਤਾਂ ਭੈੜੀ ਹੀ ਹੈ ਭਾਵੇਂ ਉਹ ਤੁਕਬੰਦੀ ਵਿਚ ਹੋਵੇ। ਅਸੀਂ ਚੰਗੀ ਕਵਿਤਾ ਚਾਂਹਦੇ ਹਾਂ। ਕਵਿਤਾ ਸਾਡੇ ਲੋਕਾਂ ਲਈ ਹਮੇਸ਼ਾਂ ਤੁਕ ਵਿਚ, ਸੁਰ ਵਿਚ, ਗਾਉਣ ਵਾਲੀ ਚੀਜ਼ ਰਹੀ ਹੈ। ਕਵਿਤਾ ਸਾਡੇ ਸਮਾਜ ਦੀ ਨਾ ਸਿਰਫ਼ ਚੇਤਨਤਾ ਦਾ ਅਕਸ ਹੀ ਰਹੀ ਹੈ, ਬਲਕਿ ਕਵਿਤਾ ਸਾਡੇ ਲਈ ਹਮੇਸ਼ਾਂ ਸਮਾਜ ਬਦਲਣ ਲਈ ਇਕ ਹਥਿਆਰ ਦੀ ਨਿਆਈਂ ਵੀ ਰਹੀ ਹੈ। ਅਸੀਂ ਕਵਿਤਾ "ਰਾਹੀਂ" ਬਗ਼ਾਵਤਾਂ ਤੇ ਇਨਕਲਾਬ ਕੀਤੇ ਹਨ। ਸਾਡੇ ਕਵੀਆਂ ਦੀਆਂ ਰਚਨਾਵਾਂ ਨੂੰ ਹਮੇਸ਼ ਸਾਡੀਆਂ ਭਜਨ-ਮੰਡਲੀਆਂ, ਸੰਗੀਤ-ਮੰਡਲੀਆਂ, ਸਾਡੇ ਢਾਡੀ ਜਥੇ, ਰਾਗੀ-ਜਥੇ, ਸਾਡੇ ਗਵੱਈਏ ਗਾਉਂਦੇ ਆਏ ਹਨ। ਕਵਿਤਾ ਰਾਹੀਂ, ਗਾ ਕੇ ਉਹਨਾਂ ਲੋਕਾਂ ਦਾ ਜਜ਼ਬਾ ਖਲੂਹਾਰਿਆ ਹੈ, ਵਾਰ ਵਾਰ ਉਹਨਾਂ ਦੇ ਜਜ਼ਬੇ ਦੀ ਰੀਹਰਸਲ ਕਰਵਾ ਕੇ ਮਨੁਖੀ ਕਦਰਾਂ ਕੀਮਤਾਂ 'ਤੇ ਉਸ ਨੂੰ ਬੰਨ੍ਹਿਆ ਹੈ। ਇਕ ਤਰ੍ਹਾਂ ਦੀ ਤਰਜ਼ੇ-ਜ਼ਿੰਦਗੀ ਦੇ ਖ਼ਿਲਾਫ਼ ਲੋਕਾਂ ਦੇ ਜਜ਼ਬੇ ਨੂੰ ਉਭਾਰਿਆ ਹੈ, ਉਹਨਾਂ ਦੇ ਮਨਾਂ ਵਿਚ ਉਸ ਪ੍ਰਤੀ ਨਫ਼ਰਤ ਜਗਾਈ ਹੈ, ਦੂਸਰੀ ਤਰ੍ਹਾਂ ਦੀ ਤਰਜ਼ੇ-ਜ਼ਿੰਦਗੀ ਦੇ ਵਲ ਉਹਨਾਂ ਦੇ ਜਜ਼ਬੇ ਨੂੰ ਹਲੂਣਿਆ ਹੈ, ਟੁੰਬਿਆ ਹੈ। ਤੁੱਕ ਵਿਚ, ਸੁਰ ਵਿਚ ਬੱਧੀ ਕਵਿਤਾ ਨੂੰ ਗਾ ਕੇ ਉਹਨਾਂ ਉਸ ਨੂੰ ਸਮਾਜ ਦੇ ਸੁਧਾਰ ਦਾ, ਇਨਕਲਾਬ ਦਾ ਸੰਦ ਬਣਾ ਕੇ ਵਰਤਿਆ ਹੈ। ਇਹ ਕਵਿਤਾ ਭਾਵੇਂ "ਪਗੜੀ ਸੰਭਾਲ ਜਟਾ, ਪਗੜੀ ਸੰਭਾਲ ਉਏ" ਦੇ ਪੱਧਰ ਦੀ ਹੀ ਹੋਵੇ...ਪਰ ਇਸ ਉਦੋਂ ਬੰਦੂਕ ਦੀ ਗੋਲੀ ਦਾ ਕੰਮ ਦਿਤਾ ਹੈ।

ਕਵਿਤਾ ਦੇ ਇਸ ਰੋਲ ਵਲ ਨਾ ਸਾਡੇ ਅਖੌਤੀ ਮਾਰਕਸਵਾਦੀ ਬੁਧੀਜੀਵੀਆਂ ਨੇ ਅਤੇ ਨਾ ਹੀ ਸਾਡੇ ਅਖੌਤੀ ਮਾਰਕਸਵਾਦੀ ਪਾਰਟੀਆਂ ਦੇ ਨੇਤਾਵਾਂ ਨੇ ਧਿਆਨ ਦਿਤਾ ਹੈ। ਪੰਜਾਬ ਦੀ ਵਸੋਂ ਦੇ ਦਿਲ ਦੀ ਤਾਰ ਨੂੰ ਟੁੰਬਦੀ ਹੈ ਸਾਡੇ ਸਦੀਆਂ ਤੋਂ ਆ ਰਹੇ ਮੀਟਰਾਂ 'ਚ ਬੱਝੀ ਕਵਿਤਾ (ਬੈਂਤ, ਦੋਹਰੇ, ਕਬਿਤ, ਸਵਈਏ ਆਦਿ) ਤੇ ਉਸ ਨੂੰ ਲੋਕਾਂ ਤਕ ਪਹੁੰਚਾਣ ਦੇ ਸਹੀ ਸਾਧਨ ਸਨ — ਸੰਗੀਤ ਮੰਡਲੀਆਂ, ਗਵੱਈਏ, ਭਜਨ ਮੰਡਲੀਆਂ, ਢਾਡੀ ਜਥੇ, ਕੀਰਤਨੀਏ, ਕਬੀਸ਼ਰ, ਰਾਗੀ-ਜਥੇ ਆਦਿ — ਤੇ ਅਸੀਂ ਪੰਜਾਬ ਵਿਚ ਲੋਕ-ਲਹਿਰ, ਲੋਕ-ਹਿੱਤ ਦੇ ਪੈਂਤੜੇ ਦੀ ਲਹਿਰ ਪੈਦਾ ਕਰਨ ਲਈ ਇਹਨਾਂ ਦੀ ਮਦਦ ਨਹੀਂ ਲਈ। ਨਾ ਸਾਡੇ ਕਵੀਆਂ ਇਹਨਾਂ ਆਮ ਫਹਿਮ, ਪ੍ਰਚਲਤ ਤੇ ਲੋਕਾਂ ਨੂੰ ਮੰਨਜ਼ੂਰ ਤੇ ਪਿਆਰੀਆਂ ਬਹਿਰਾਂ ਵਿਚ ਕਵਿਤਾ ਲਿਖੀ ਤੇ ਨਾ ਹੀ ਗਾਉਣ ਵਾਲੀਆਂ ਮੰਡਲੀਆਂ ਜਾਂ ਜਥਿਆਂ ਨੂੰ ਹੀ ਇਸ ਕੰਮ ਵਿਚ ਅਸੀਂ ਪਰੋ ਸਕੇ। ਰਹਿ ਗਿਆ ਲੈ ਦੇ ਕੇ ਕੋਈ ਇਕੱਲਾ ਕਾਰਾ ਜੋਗਿੰਦਰ ਬਾਹਰਲਾ ਜਾਂ ਤੇਰਾ ਸਿੰਘ ਚੰਨ...ਭਲਾ ਸ਼ੇਰਾਂ ਦਾ ਸ਼ਿਕਾਰ ਕਰਨ ਲਈ ਜੰਗਾਲੀਆਂ ਬੰਦੂਕਾਂ ਵੀ ਕਦੀ ਕੰਮ ਆਈਆਂ ?!

ਸਾਡੇ "ਮਾਰਕਸਵਾਦੀ" ਤੇ "ਕ੍ਰਾਂਤੀਕਾਰੀ" ਕਵੀ ਪੈ ਗਏ ਉਲਟ ਰਸਤੇ ਤੇ ਉਹ ਨਾਜ਼ਮ ਹਿਕਮਤ, ਪੈਬਲੋ ਨਰੂਦਾ ਜਾਂ ਮੈਕਾਵਸਕੀ ਆਦਿ ਦੀ ਨਕਲ ਮਾਰ ਕੇ ਉਹਨਾਂ ਦੀ ਕਵਿਤਾ ਵਰਗੀ ਵਾਰਤਕਨੁਮਾ ਕਵਿਤਾ ਲਿਖਣ ਦੇ ਔਝੜ ਰਾਹ 'ਤੇ ਤੁਰ ਪਏ। ਨਕਲ ਤਾਂ ਉਹਨਾਂ ਸ਼ਾਇਦ ਵਧੀਆ ਮਾਰੀ ਹੋਊ (ਜਿਵੇਂ ਡਾ. ਰਵੀ ਕਹਿੰਦਾ ਹੈ), ਪਰ ਆਪਣੀ ਕਵਿਤਾ ਦਾ "ਪੰਜਾਬੀਕਰਨ" ਕਰਨਾ ਉਹ ਉਕਾ ਹੀ ਭੁਲ ਗਏ। ਇਸ ਗੱਲ ਵਲ ਡਾ. ਰਵੀ ਨੇ ਧਿਆਨ ਹੀ ਨਹੀਂ ਦਿਤਾ।

ਪ੍ਰੋ. ਕਿਸ਼ਨ ਸਿੰਘ

## ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਦੀ ਕੀਤੀ ਨਾਲ ਡਾ. ਗਰੇਵਾਲ ਦਾ ਸੁੱਧਾ ਧੱਕਾ (3)

(ਇਸ ਲੇਖ ਦੇ ਪਹਿਲੇ ਦੋ ਭਾਗ ਅਗਸਤ ਤੇ ਸਤੰਬਰ ਅੰਕਾਂ ਵਿਚ ਛਪ ਚੁਕੇ ਹਨ)

ਇਨਕਲਾਬ ਤੋਂ ਪਹਿਲਾਂ, ਉਸ ਨੂੰ ਲਿਆਉਣ ਵਾਸਤੇ ਮੇਹਨਤਕਸ਼ ਤਬਕੇ ਦੀ ਹਾਕਮ ਜਮਾਤਾਂ ਵਿਰੁਧ ਆਰਥਕ ਜਮਾਤੀ ਜਦੋ-ਜਹਿਦ ਦਾ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੇ ਨਾਲ ਬੁਨਿਆਦੀ ਰੋਲ ਹੁੰਦਾ ਹੈ। ਹਰ ਮਜ਼ਦੂਰ, ਹਰ ਗ਼ਰੀਬ ਕਿਸਾਨ ਇਸ ਤੱਥ ਨੂੰ ਆਪਣੇ ਤਜਰਬੇ ਤੋਂ ਜਾਣਦਾ ਹੈ। ਆਪਣੀ ਜਮਾਤ ਤੇ ਹਾਕਮ ਜਮਾਤਾਂ ਦੇ ਆਪਸ ਵਿਚ ਤਾਕਤ ਦੇ ਤਵਾਜ਼ਨ ਤੋਂ ਉਹ ਭਲੀਭਾਂਤ ਜਾਣੂ ਹੁੰਦਾ ਹੈ। ਨਿਗੂਣੇ ਤੋਂ ਨਿਗੂਣਾ ਮਾਰਕਸਵਾਦੀ ਵੀ ਆਰਥਕ ਜਮਾਤੀ ਜਦੋ-ਜਹਿਦ ਦਾ ਰੋਲ ਜਾਣਦਾ ਹੁੰਦਾ ਹੈ। ਜਿਸ ਤਰ੍ਹਾਂ ਪਿਛੇ ਦਸ ਆਏ ਹਾਂ, ਜਿਸ ਨੂੰ ਡਾਕਟਰ ਗਰੇਵਾਲ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਆਮਦਨ ਦੀ ਨਾਬਰਾਬਰੀ ਕਰਕੇ ਦਸਦੇ ਹਨ, ਸਾਇੰਟਿਫਿਕ ਬੋਲੀ ਵਿਚ ਉਹ ਮਸਲਾ ਪੈਦਾਵਾਰ ਦੇ ਕੰਮ ਦੀ ਪਰੇਰਨਾ ਦਾ ਹੈ। ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਮਸਲਾ ਇਨਕਲਾਬ ਤੋਂ ਪਹਿਲਾਂ ਦਾ ਮਸਲਾ ਨਹੀਂ, ਉਸ ਤੋਂ ਪਿਛੋਂ ਦਾ ਮਸਲਾ ਹੈ। ਇਹ ਤਬਦੀਲੀ ਸ਼ੁਰੂ ਹੀ, ਉਸ ਵਕਤ ਤੋਂ ਹੋ ਸਕਦੀ ਹੈ ਜਦੋਂ ਸਟੇਟ ਦੀ ਤਾਕਤ ਇਨਕਲਾਬੀਆਂ ਦੇ ਹੱਥ ਵਿਚ ਆ ਜਾਵੇ।

ਗੁਰਬਾਣੀ ਦੀ ਬੋਲੀ ਵਿਚ ਗੱਲ ਕਰਨੀ ਹੋਵੇ ਤਾਂ ਇਨਕਲਾਬ ਤੋਂ ਪਹਿਲਾਂ ਇਨਕਲਾਬੀ



ਜਦੋ-ਜ਼ਹਿਦ ਤਾਂ ਸਤਿਗੁਰੂ ਦੀ ਸੇਵਾ ਹੁੰਦੀ ਹੈ, ਪਰ ਸਮਾਜ ਦੀ ਪੈਦਾਵਾਰ ਦਾ ਕੰਮ ਸਤਿਗੁਰੂ ਦੀ ਸੇਵਾ ਉਸ ਵਕਤ ਹੀ ਹੋ ਸਕਦਾ ਹੈ ਜਦੋਂ ਸਟੇਟ ਸਤਿਗੁਰੂ ਤੇ ਭਗਤਾਂ, ਸੰਤਾਂ, ਗੁਰਮੁਖਾਂ ਦੀ ਸੰਗਤ ਦੇ ਹੱਥ ਹੋਵੇ ਅਤੇ ਹਰ ਮਨੁਖ ਨੂੰ ਉਸਦੀਆਂ ਮਨੁਖੀ ਲੋੜਾਂ ਗੁਰੂ ਕੇ ਲੰਗਰ ਵਿਚੋਂ ਮਿਲਣ ਅਤੇ ਸਮਾਜ ਦੀ ਸਭ ਵਸੋਂ ਵਿਚਾਰਧਾਰਕ, ਕਲਚਰਲ, ਅਮਲੋਂ ਤੇ ਆਚਰਨੋਂ ਇਸ ਦਸ਼ਾ ਨੂੰ ਤਨੋਂ ਮਨੋਂ ਆਪਣੀ ਬਣਾਉਣ ਨੂੰ ਤਿਆਰ ਹੋ ਚੁਕੀ ਹੋਵੇ। ਮਤਲਬ ਹੈ ਸਮਾਜ ਦੀ ਪੈਦਾਵਾਰ, 'ਸਭ ਵਥ' ਸਹੀ ਅਰਥਾਂ ਵਿਚ ਸਭਸ ਦੀ ਸਾਂਝੀ ਹੋਵੇ। ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਮਸਲਾ ਪੈਦਾਵਾਰ ਦੇ ਵਸੀਲਿਆਂ ਦਾ ਸਹੀ ਅਰਥਾਂ ਵਿਚ ਸਭ ਵਸੋਂ ਦੀ ਸਾਂਝੀ ਮਲਕੀਅਤ ਹੋਣ ਦਾ, ਪੈਦਾਵਾਰ ਦੇ ਰਿਸ਼ਤਿਆਂ, ਸਮਾਜਕ ਰਿਸ਼ਤਿਆਂ ਦੀ ਤੇ ਮਨੁਖ ਦੀ ਕਿਸਮ, ਉਸ ਦੇ ਮਨੋਰਥਾਂ ਦੀ, ਸਮਾਜ ਦੀ ਕਲਚਰ ਦੀ ਪੂਰਨ ਕਾਇਆਂ-ਪਲਟੀ ਦਾ ਸਵਾਲ ਹੈ। ਇਨਕਲਾਬ ਦਾ ਆ ਜਾਣਾ ਇਸ ਤਬਦੀਲੀ ਨੂੰ ਨੇਪਰੇ ਨਹੀਂ ਚੜ੍ਹਾਅ ਦੇਂਦਾ। ਸਿਰਫ਼ ਇਸ ਕੰਮ ਵਾਸਤੇ ਰਸਤਾ ਖੋਲ੍ਹਦਾ ਹੈ। ਇਨਕਲਾਬ ਦੇ ਆ ਜਾਣ ਤਕ ਪੈਦਾਵਾਰ ਦੇ ਰਿਸ਼ਤਿਆਂ ਦੀ ਕਾਇਆਂ-ਪਲਟੀ ਦਾ ਮੂੰਹ ਵੀ ਨਹੀਂ ਖੁਲ੍ਹ ਸਕਦਾ। ਇਹ ਤਾਂ ਛਡੋ, ਸਮਾਜ ਦੀ ਸਭ ਵਸੋਂ ਨੇ ਇਨਕਲਾਬੀ ਚੇਤਨਤਾ ਵਰ ਨਹੀਂ ਲਈ ਹੁੰਦੀ। ਇਹ ਵੀ ਛੱਡੋ, ਇਨਕਲਾਬ ਦੀਆਂ ਬੁਨਿਆਦੀ ਜਮਾਤਾਂ ਵੀ ਸਾਰੇ ਦੀਆਂ ਸਾਰੀਆਂ ਨੇ ਇਨਕਲਾਬੀ ਚੇਤਨਤਾ ਗ੍ਰਹਿਣ ਨਹੀਂ ਕਰ ਲਈ ਹੁੰਦੀ। ਇਹ ਵੀ ਛਡੋ, ਸਨਅਤੀ ਮਜ਼ਦੂਰ ਜਮਾਤ ਵੀ ਸਾਰੀ ਮਾਰਕਸਵਾਦੀ ਨਹੀਂ ਹੋ ਗਈ ਹੁੰਦੀ। ਸਰਮਾਇਦਾਰੀ ਦੇ ਵਿਰੁਧ ਇਨਕਲਾਬ ਲਿਆਉਣਾ ਬਹੁਤ ਮੁਸ਼ਕਲ ਤੇ ਮਹਾਨ ਕੰਮ ਹੈ। ਪਰ ਇਨਕਲਾਬ ਉਸ ਵਕਤ ਤਕ ਨਹੀਂ ਉਡੀਕਦਾ, ਇਨ-ਕਲਾਬ ਲਿਆਉਣ ਵਾਸਤੇ ਇਹ ਲਾਜ਼ਮੀ ਨਹੀਂ ਹੁੰਦਾ ਕਿ ਹਰ ਸਨਅਤੀ ਮਜ਼ਦੂਰ ਤੇ ਹਰ ਗ਼ਰੀਬ ਕਿਸਾਨ ਪੱਕੇ ਤੌਰ 'ਤੇ ਨਜ਼ਰੀਉਂ, ਅਮਲੋਂ ਤੇ ਆਚਰਨੋਂ ਮਾਰਕਸਵਾਦੀ ਹੋਵੇ। ਨਿਜ਼ਾਮ ਗਹਿਰੇ ਸੰਕਟ ਵਿਚ ਹੁੰਦਾ ਹੈ। ਉਸ ਵਿਚੋਂ ਨਿਕਲਣ ਦਾ ਉਸ ਨੂੰ ਕੋਈ ਰਾਹ ਨਹੀਂ ਹੁੰਦਾ। ਐਸੇ ਵਕਤ ਤਕ ਜੇ ਬੁਨਿਆਦੀ ਇਨਕਲਾਬੀ ਜਮਾਤਾਂ ਦਾ ਕਾਫ਼ੀ ਤਕੜਾ ਹਿੱਸਾ ਮਾਰਕਸਵਾਦੀ ਚੇਤਨਤਾ ਵਰ ਕੇ ਜਥੇਬੰਦ ਹੋ ਚੁਕਾ ਹੋਵੇ, ਅਤੇ ਉਸ ਦੀ ਲੀਡਰਸ਼ਿਪ ਸਮਾਜ ਦੀਆਂ ਹੋਰ ਜਮਾਤਾਂ ਦੇ ਉਸ ਵਕਤ ਸਹੀ ਇਤਿਹਾਸਕ ਰੋਲ ਨੂੰ ਤੋਲ ਮਿਣ ਕੇ ਇਨਕਲਾਬ ਦੇ ਹੱਕ ਵਿਚ ਵਰਤ ਸਕੇ, ਮੌਕਾ-ਸ਼ਨਾਸ ਹੋਵੇ, ਅੰਤਰਰਾਸ਼ਟਰੀ ਹਾਲਾਤ ਮੁਆਫ਼ਕ ਹੋਣ ਤਾਂ ਵਕਤ ਬਹੁਤਾ ਲਗੇ ਜਾਂ ਥੋੜ੍ਹਾ, ਇਨਕਲਾਬ ਆ ਜਾਂਦਾ ਹੈ। ਪਰ ਇਨਕਲਾਬ ਦੇ ਆਉਣ ਤਕ ਤੇ ਉਸ ਦੇ ਮਗਰੋਂ ਵੀ ਹੋਰ ਵਸੋਂ ਦੀ ਤਾਂ ਗੱਲ ਛਡੋ, ਬੁਨਿਆਦੀ ਇਨਕਲਾਬੀ ਜਮਾਤਾਂ ਦਾ ਬਹੁਤ ਹਿੱਸਾ ਇਕਾਨੋਮਿਜ਼ਮ ਦਾ ਸ਼ਿਕਾਰ ਰਹਿੰਦਾ ਹੈ। ਪੈਦਾਵਾਰ ਦਾ ਕੰਮ ਪੈਸੇ ਵਾਸਤੇ ਹੀ ਕਰਦਾ ਹੈ।

ਅਜ ਤਕ ਕਾਫ਼ੀ ਮੁਲਕਾਂ ਵਿਚ ਸਮਾਜਵਾਦੀ ਇਨਕਲਾਬ ਆ ਚੁਕੇ ਹਨ। ਪਰ ਅਜੇ ਤਕ ਸਮਾਜਵਾਦ ਇਕ ਵੀ ਮੁਲਕ ਵਿਚ ਸਥਾਪਤ ਨਹੀਂ ਹੋ ਸਕਿਆ। ਸਮਾਜ ਦੀ ਸਭ ਵਸੋਂ ਇਕ ਮੁਲਕ ਦੀ ਵੀ ਸਮਾਜਵਾਦੀ ਬਣਤਰ ਦੀ ਨਹੀਂ ਬਣ ਸਕੀ। ਰੂਸ ਤੇ ਉਸ ਦੇ ਸਾਥੀ ਮੁਲਕ ਤਾਂ ਇਨਕਲਾਬ ਲਿਆ ਕੇ, ਇਕਾਨੋਮਿਜ਼ਮ ਦੇ ਪੂਰੇ ਤੌਰ 'ਤੇ ਸ਼ਿਕਾਰ ਹੋ ਗਏ ਹਨ। ਉਨ੍ਹਾਂ ਦੇ ਸਮਾਜ ਤਾਂ ਮੁੜ ਬੁਰਜਵਾ ਬਣ ਗਏ ਹਨ। ਪੈਦਾਵਾਰ ਦੇ ਕੰਮ ਦੀ ਪਰੇਰਨਾ ਉਨ੍ਹਾਂ ਵਿਚ ਨਿਰੋਲ ਪੈਸਾ ਹੈ। ਹਰ ਕੋਈ ਵਧ ਤੋਂ ਵਧ ਪੈਸਾ ਕਮਾਉਣ ਵਾਸਤੇ ਕੰਮ ਕਰਦਾ ਹੈ। ਆਮਦਨਾਂ ਦਾ ਨਾ ਬਰਾਬਰੀ ਸਪਸ਼ਟ ਹੈ। ਉਸ ਦੇ ਵਿਰੁਧ ਕੋਈ ਜਦੋ-ਜਹਿਦ ਨਹੀਂ ਹੋ ਰਹੀ। ਜਿਹੜੇ ਮੁਲਕਾਂ ਵਿਚ ਇਨਕਲਾਬ ਕੁਰਾਹੇ ਨਹੀਂ ਵੀ ਪਏ, ਉਥੇ ਵੀ ਸਖ਼ਤ ਸਿਰਤੋੜ ਜਮਾਤੀ ਜਦੋ-ਜਹਿਦ ਜਾਰੀ ਹੈ। ਕੋਈ ਨਹੀਂ

ਕਹਿ ਸਕਦਾ ਕਿ ਉਨ੍ਹਾਂ ਮੁਲਕਾਂ ਵਿਚ ਵੀ ਇਸ ਜਦੋ-ਜਹਿਦ ਵਿਚੋਂ ਕਾਮਯਾਬ ਬੁਰਜ਼ਵਾਜ਼ੀ ਹੋਵੇਗੀ ਜਾਂ ਸਮਾਜਵਾਦੀ। ਇਸ ਕੰਮ ਵਾਸਤੇ ਇਨਕਲਾਬ ਦੇ ਮਗਰੋਂ ਵੀ ਸਦਾ ਚਲਦੇ ਜਾਂਦੇ ਕਲਚਰਲ ਇਨਕਲਾਬ ਦੀ ਲੋੜ ਹੈ। ਸਦਾ ਚਲਦੇ ਜਾਂਦੇ ਕਲਚਰਲ ਇਨਕਲਾਬ ਨਾਲ ਵੀ ਪਤਾ ਨਹੀਂ ਸਮਾਜਵਾਦ ਦੀ ਸਥਾਪਤੀ ਪੰਜ ਪੀਹੜੀਆਂ ਲੈਂਦੀ ਹੈ ਕਿ ਦਸ ਲੈਂਦੀ ਹੈ। ਇਕ ਸਦੀ ਲੈਂਦੀ ਹੈ ਕਿ ਉਸ ਤੋਂ ਵੀ ਵਧ ਸਮਾਂ ਲਗਦਾ ਹੈ। ਪੈਦਾਵਾਰ ਦੇ ਕੰਮ ਦੀ ਪਰੇਰਨਾ ਦੀ ਤਬਦੀਲੀ ਦਾ ਕੰਮ ਮੁਸ਼ਕਲ ਹੈ ਤੇ ਪਤਾ ਨਹੀਂ ਕਿੰਨਾ ਸਮਾਂ ਲੈ ਕੇ ਹੋਣ ਵਾਲਾ ਹੈ। ਤੇ ਇਨਕਲਾਬ ਤੋਂ ਪਹਿਲਾਂ ਇਹ ਇਤਿਹਾਸਕ ਤੌਰ 'ਤੇ ਸ਼ੁਰੂ ਹੋਣਾ ਹੀ ਅਸੰਭਵ ਹੈ। ਪਰ ਡਾਕਟਰ ਗਰੇਵਾਲ ਕਹਿੰਦੇ ਹਨ ਕਿ ਇਹ ਕੰਮ ਭਾਵੇਂ ਇਤਿਹਾਸਕ ਤੌਰ 'ਤੇ ਅਸੰਭਵ ਸੀ, ਪਰ ਗੁਰੂ ਸਾਹਿਬਾਨ ਉਸ ਨੂੰ ਨੇਪਰੇ ਕਿਉਂ ਨਹੀਂ ਚੜ੍ਹਾ ਗਏ। ਜੇ ਇਤਿਹਾਸਕ ਤੌਰ 'ਤੇ ਅਸੰਭਵ ਨੂੰ ਉਹ ਨੇਪਰੇ ਨਹੀਂ ਚੜ੍ਹਾ ਗਏ ਤਾਂ ਡਾ. ਗਰੇਵਾਲ਼ ਨੇ ਨਤੀਜ਼ਾ ਇਹ ਕਢਿਆ ਹੈ ਕਿ ਗੁਰੂ ਸਾਹਿਬਾਨ ਦੀ ਰਚੀ ਗੁਰਬਾਣੀ ਤੇ ਉਨ੍ਹਾਂ ਦੀ ਚਲਾਈ ਲਹਿਰ ਹੀ ਇਨਕਲਾਬੀ ਨਹੀਂ ਸੀ। ਉਹ ਇਸ ਨਿਸ਼ਾਨੇ ਦੀ, ਇਸ ਕੰਮ ਨੂੰ ਕਰਨ ਦੀ ਕਲਪਨਾ ਹੀ ਨਹੀਂ ਸਨ ਕਰ ਸਕਦੇ !! ਡਾਕਟਰ ਗਰੇਵਾਲ ਦੀ ਸਮਾਜਕ ਵੇਗ ਬਾਬਤ ਸੂਝ ਸਪੱਸ਼ਟ ਹੈ !

ਡਾਕਟਰ ਗਰੇਵਾਲ ਲਿਖਦੇ ਹਨ : "ਭਾਵੇਂ ਉਚੀ ਜ਼ਾਤ 'ਚ ਹੋਣ ਦੇ ਅਭਿਮਾਨ ਦੀ ਨਿੰਦਿਆ ਕੀਤੀ ਜਾਂਦੀ ਸੀ, ਪਰ ਰਿਸ਼ਤੇ ਨਾਤਿਆਂ ਦੇ ਪਰੰਪਰਿਕ ਆਧਾਰ ਹੀ ਕਾਇਮ ਰਹੇ।" ਡਾਕਟਰ ਗਰੇਵਾਲ ਦਾ ਇਸ਼ਾਰਾ ਇਹ ਹੈ ਕਿ ਗੁਰੂ ਸਾਹਿਬਾਨ ਆਪਣਿਆਂ ਰਿਸ਼ਤਿਆਂ ਨਾਤਿਆਂ, ਸ਼ਾਦੀਆਂ ਦੇ ਮੁਆਮਲੇ ਵਿਚ ਜ਼ਾਤਪਾਤੀ ਢਾਂਚੇ ਵਿਚੋਂ ਬਾਹਰ ਨਾ ਨਿਕਲੇ। ਇਸ ਤੋਂ ਨਤੀਜਾ ਉਹ ਇਹ ਕਢਦੇ ਹਨ ਕਿ ਗੁਰੂ ਸਾਹਿਬਾਨ ਆਪ, ਉਨ੍ਹਾਂ ਦੀ ਰਚੀ ਬਾਣੀ ਤੇ ਉਨ੍ਹਾਂ ਦੀ ਚਲਾਈ ਲਹਿਰ ਮਾਇਆ ਦੇ ਨਿਜ਼ਾਮ ਦੇ ਵਿਰੁਧ ਇਨਕਲਾਬ ਦੀ ਨਾ ਕਲਪਨਾ ਕਰ ਸਕਦੀ ਸੀ, ਨਾ ਉਨ੍ਹਾਂ ਕਲਪਨਾ ਕੀਤੀ, ਅਤੇ ਨਾ ਹੀ ਅਮਲੀ ਪੱਧਰ 'ਤੇ ਏਧਰ ਵਲ ਕੋਈ ਕਦਮ ਉਠਾਇਆ।

ਮਾਇਆ ਦੇ ਨਿਜ਼ਾਮ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ, ਜਮਾਤ-ਰਹਿਤ ਸਮਾਜ ਦੀ ਸਥਾਪਤੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਦੀ ਵਿਚਾਰਧਾਰਾ, ਉਸ ਦਾ ਨਜ਼ਰੀਆ, ਉਸ ਦਾ ਨਿਸ਼ਾਨਾ ਇਕ ਗੱਲ ਹੈ, ਅਤੇ ਜਮਾਤੀ ਸਮਾਜ ਦੇ ਕਾਬਜ਼ ਹੁੰਦਿਆਂ, ਹਾਲਾਤ ਦੇ ਪ੍ਰਸੰਗ ਵਿਚ ਉਸ ਲਹਿਰ ਦੇ ਕਦਮ, ਬਿਲਕੁਲ ਦੂਸਰੀ। ਨਿਸ਼ਾਨਾ, ਪਰਾਪਤੀ ਦੀ ਅੰਤਮ ਸਟੇਜ ਹੈ, ਹੋਣ ਵਾਲੀ ਪਰਾਪਤੀ ਦਾ ਸਮਝਿਆ, ਉਲੀਕਿਆ ਚਿਤਰ ਹੈ। ਨਿਸ਼ਾਨੇ 'ਤੇ ਪਹੁੰਚਣ ਲਈ ਕੀਤੀ ਜਦੋ-ਜਹਿਦ ਤੇ ਸਮੇਂ ਸਮੇਂ ਸਿਰ ਉਸ ਵਲ ਨੂੰ ਉਠਾਏ ਕਦਮ ਉਸ ਨਿਸ਼ਾਨੇ 'ਤੇ ਪਹੁੰਚਣ ਦੇ ਲੰਮੇ ਸਫ਼ਰ ਦੇ ਬੇਅੰਤ ਪੜਾਅ ਹੁੰਦੇ ਹਨ। ਜੇ ਸਰਬਤ ਦੀ ਆਜ਼ਾਦੀ ਦੀ ਪਰਾਪਤੀ ਪੈਰ ਪੜੱਛੇ ਹੋਣ ਵਾਲਾ ਸੌਖਾ ਜਿਹਾ ਹੀ ਕੰਮ ਹੁੰਦਾ, ਤਾਂ ਅਜ ਤੋਂ ਬਹੁਤ ਚਿਰ ਪਹਿਲਾਂ ਦਾ ਜਗ ਉਤੇ ਸਤਿਜੁਗ ਵਰਤਿਆ ਹੁੰਦਾ। ਅਸੀਂ ਪਿਛੇ ਦਸ ਆਏ ਹਾਂ ਕਿ ਇਸ ਨਿਸ਼ਾਨੇ ਦੀ ਪਰਾਪਤੀ ਦਾ ਸਫ਼ਰ ਕਿੰਨਾਂ ਲੰਮਾਂ ਤੇ ਕਿੰਨਾਂ ਮੁਸ਼ਕਲ ਹੈ, ਪਦਾਰਥਕ ਹਾਲਾਤ ਦੇ ਉਸ ਪ੍ਰਸੰਗ ਵਿਚ ਵੀ ਜਦੋਂ ਕਿ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਚੰਦ ਤੋਂ ਪਾਰ ਤਕ ਜਾ ਚੁਕੀ ਹੈ। ਮਧਕਾਲ ਵਿਚ ਇਸ ਦੀ ਪਰਾਪਤੀ ਵਲ ਨੂੰ ਤੁਰਨਾ ਕਿੰਨਾਂ ਕੁ ਔਖਾ ਸੀ, ਇਸ ਦਾ ਅੰਦਾਜ਼ਾ ਲਾਉਣਾ ਬਹੁਤ ਮੁਸ਼ਕਲ ਨਹੀਂ।

ਇਨਕਲਾਬੀ ਲਹਿਰ ਦੀ ਲੀਡਰਸ਼ਿਪ ਦਾ ਰੋਲ ਇਕ ਪਾਸੇ ਤੋਂ ਤਾਂ ਇਹ ਹੁੰਦਾ ਹੈ ਕਿ ਉਹ ਆਪਣੇ ਸੱਚ ਨੂੰ ਚਿੱਟਾ ਦੁਧ ਵਰਗਾ ਰਖੇ। ਗੁਰਬਾਣੀ ਦੀ ਬੋਲੀ ਵਿਚ ਨਾਮ ਤੇ ਮਾਰਕਸਵਾਦ ਦੇ ਮੁਹਾਵਰੇ ਵਿਚ ਮਾਰਕਸਵਾਦ ਉਤੇ ਮਾਇਆ ਤੇ ਇਕਾਨੋਮਿਜ਼ਮ ਦਾ ਸਾਇਆ ਨਾ ਪੈਣ ਦੇਵੇ। ਜਿਸ



ਤਰ੍ਹਾਂ ਉਸ ਦੇ ਨਿਸ਼ਾਨੇ ਦਾ ਸੱਚ ਖ਼ਾਸ ਸਥਿਤੀ ਵਿਚ ਲਾਗੂ ਹੁੰਦਾ ਹੈ ਉਹ ਚਮਕਦ ਚੰਦ ਵਾਂਗ ਲੋਕਾਂ ਦੀਆਂ ਅੱਖਾਂ ਦੇ ਸਾਹਮਣੇ ਲਿਆਵੇ। ਉਨ੍ਹਾਂ ਦੀ ਵਿਚਾਰਧਾਰਕ ਕਲਚਰਲ ਤਿਆਰੀ ਪੱਬਾਂ ਤਕ ਜ਼ੋਰ ਲਗਾ ਕੇ ਵਧ ਤੋਂ ਵਧ ਕਦਮ ਵਾਸਤੇ ਕਰਾਵੇ। ਅਮਲੀ ਕਦਮ ਉਠਾਉਣ ਵਾਸਤੇ ਬਾਹਰਲੇ ਹਾਲਾਤ ਦਾ ਅੰਦਰ ਪੇਟਾ ਦੁਸਾਰ ਪਾਰ ਵੇਖੇ। ਉਨ੍ਹਾਂ ਦਾ ਜਾਇਜ਼ਾ ਐਨ ਸਹੀ ਲਵੇ। ਨਾਲ ਹੀ ਲੋਕਾਂ ਦੀ ਵਿਚਾਰਧਾਰਕ, ਕਲਚਰਲ, ਅਮਲ ਤੇ ਆਚਰਨ ਦੀ ਪਰਾਪਤ ਕੀਤੀ ਪੱਧਰ ਨੂੰ ਵਿਨ੍ਹਕੇ ਫੋਲੇ। ਆਪਣੇ ਨਿਸ਼ਾਨੇ ਨੂੰ ਮੁਖ ਰਖਦਿਆਂ ਹੋਇਆਂ ਕਦਮ ਉਹ ਉਠਾਵੇ ਜਿਸ ਨੂੰ ਹਾਲਾਤ ਦੇ ਓਸ ਪ੍ਰਸੰਗ ਵਿਚ ਲੋਕ ਤਨੋਂ ਮਨੋਂ ਆਪਣਾ ਬਣਾਉਣ ਨੂੰ ਤਿਆਰ ਹੋਣ, ਜਿਸ ਦੇ ਵਾਸਤੇ ਉਹ ਮਰ ਮਿਟਣ ਨੂੰ ਤਿਆਰ ਹੋਣ, ਪਰ ਪਛੋਤਾਵਾ ਕਰਕੇ ਪਿਛਲਖੁਰੀ ਮੁੜਨ ਨੂੰ ਤਿਆਰ ਨਾ ਹੋਣ। ਇਨਕਲਾਬ ਦੇ ਰਾਹ ਉਤੇ ਕਦਮ ਲੋਕਾਂ ਪੁਟਣਾ ਹੁੰਦਾ ਹੈ ਸਿਰਫ ਲਹਿਰ ਦੀ ਲੀਡਰਸ਼ਿਪ ਤੇ ਉਸ ਦੇ ਕਾਡਰ ਨੇ ਹੀ ਨਹੀਂ। ਜੇ ਲੀਡਰਸ਼ਿਪ ਅਮਲੀ ਕਦਮ ਉਠਾਉਣ ਵਿਚ ਹਾਲਾਤ ਬਾਬਤ ਜਾਂ ਲੋਕਾਂ ਦੀ ਵਿਚਾਰਧਾਰਕ ਤਿਆਰੀ ਬਾਬਤ ਅੰਦਾਜ਼ਾ ਗ਼ਲਤ ਲਗਾ ਬਹੇ ਅਤੇ ਕਦਮ ਉਹ ਉਠਵਾਉਣ ਵਾਸਤੇ ਲੋਕਾਂ ਨੂੰ ਵੰਗਾਰ ਬਹੇ ਜਿਸ ਨੂੰ ਲੋਕ ਅਜੇ ਤਨੋਂ ਮਨੋਂ ਆਪਣਾ ਬਣਾ ਨਹੀਂ ਸਕਦੇ ਤਾਂ ਲੋਕ ਉਸ ਦਸੇ ਕਦਮ ਨੂੰ ਨੇਪਰੇ ਨਹੀਂ ਚੜ੍ਹਾ ਪਾਉਣਗੇ। ਨਤੀਜਾ ਇਹ ਨਿਕਲੇਗਾ ਕਿ ਨਾ ਸਿਰਫ਼ ਲੀਡਰਸ਼ਿਪ ਹੀ ਮੂੰਹ-ਪਰਨੇ ਡਿਗੇਗੀ ਬਲਕਿ ਲੋਕਾਂ ਦਾ ਵੀ ਦਿਲ ਟੁਟ ਜਾਵੇਗਾ। ਉਨ੍ਹਾਂ ਦੇ ਇਨਕਲਾਬੀ ਇਰਾਦੇ ਨੂੰ ਵੀ ਜ਼ੋਰ ਆ ਜਾਵੇਗਾ। ਆਪਣੇ ਆਪ ਤੋਂ ਉਨ੍ਹਾਂ ਦਾ ਵਿਸ਼ਵਾਸ ਢਿੱਲਾ ਹੋ ਜਾਵੇਗਾ। ਨਿਰਾਸ਼ਾ ਦਾ ਉਹ ਸ਼ਿਕਾਰ ਹੋ ਜਾਣਗੇ। ਚੜ੍ਹਦੀਆਂ ਕਲਾਂ ਦੀ ਥਾਂ ਉਹ ਢਹਿੰਦੀਆਂ ਕਲਾਂ ਵਿਚ ਚਲੇ ਜਾਣਗੇ। ਲਹਿਰ ਨੂੰ ਫਾਇਦਾ ਹੋਣ ਦੀ ਥਾਂ ਉਸ ਨੂੰ ਨੁਕਸਾਨ ਹੋ ਜਾਵੇਗਾ। ਲੀਡਰਸ਼ਿਪ ਹਾਲਾਤ ਦੇ ਪ੍ਰਸੰਗ ਤੇ ਲੋਕਾਂ ਦੀ ਵਿਚਾਰਧਾਰਕ ਤਿਅਾਰੀ ਨਾਲੋਂ ਆਪਣਾ ਵਿਜੋਗ ਕਿਸੇ ਹਾਲਤ ਵਿਚ ਵੀ ਨਹੀਂ ਕਰ ਸਕਦੀ। ਇਸ ਤੋਂ ਇਕ ਪਾਸੇ ਲੋਕਾਂ ਦੀ ਵਿਚਾਰਧਾਰਕ ਤਿਆਰੀ, ਵਿਚਾਰਧਾਰਕ ਜਮਾਤੀ ਜਦੋਜਹਿਦ ਦੀ, ਅਤੇ ਦੂਸਰੇ ਪਾਸੇ ਅਮਲੀ ਪੱਧਰ ਤੇ ਮੌਕਾਸ਼ਨਾਸੀ ਦੀ, ਤੇ ਇਨ੍ਹਾਂ ਦੋਹਾਂ ਦੇ ਆਪਸ ਵਿਚ ਸੰਜੋਗ ਦੀ ਅਹਿਮੀਅਤ ਸਪਸ਼ਟ ਹੈ। ਗੁਰਬਾਣੀ ਦਾ ਨਾਮ ਗ੍ਰਹਿਣ ਕਰਨ 'ਤੇ ਜ਼ੋਰ ਦੇਣ ਦਾ ਅਰਥ ਵੀ ਸਾਫ਼ ਹੈ।

ਗੁਰਬਾਣੀ ਨੂੰ ਅੰਤਮ ਨਿਸ਼ਾਨੇ ਦੇ ਪ੍ਰਗਟ ਤੇ ਸਪਸ਼ਟ ਕਰਨ ਦੇ ਨੁਕਤੇ ਤੋਂ ਪਰਖਣਾ ਅਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਲਹਿਰ ਦੀ ਕਰਨੀ ਨੂੰ ਉਸ ਨਿਸ਼ਾਨੇ ਨੂੰ ਮੁਖ ਰਖਦਿਆਂ, ਹਾਲਾਤ ਦੇ ਪ੍ਰਸੰਗ ਵਿਚ ਮੁਮਕਿਨ ਦੀ ਤਕੜੀ ਪਾਕੇ ਤੋਲਣਾ ਚਾਹੀਦਾ ਹੈ। ਡਾਕਟਰ ਗਰੇਵਾਲ ਆਪਣੇ ਸਾਰੇ ਮਜ਼ਮੂਨ ਵਿਚ ਹਾਲਾਤ ਦੇ ਪ੍ਰਸੰਗ ਦਾ ਜ਼ਿਕਰ ਤਕ ਨਹੀਂ ਕਰਦੇ। ਗੁਰੂ ਸਾਹਿਬਾਨ ਦੇ ਢੇਰ ਪਿਛੋਂ ਯੂਰਪ ਵਿਚ ਯੂਟੋਪੀਅਨ ਸਮਾਜਵਾਦੀ ਆਏ। ਉਨ੍ਹਾਂ ਸਰਮਾਇਦਾਰੀ ਦੀ ਨੀਚਤਾ ਤੇ ਵਹਿਸ਼ਤ ਤਾਂ ਕਾਫ਼ੀ ਸਪਸ਼ਟ ਵੇਖੀ, ਪਰ ਕੁਝ ਕੁ ਨੇ ਸਮਾਜ ਦੇ ਹਾਲਾਤ ਦਾ ਜਾਇਜ਼ਾ ਲਏ ਬਗੈਰ, ਲੋਕਾਂ ਦੀ ਵਿਚਾਰਧਾਰਕ ਤਿਆਰੀ ਵਲ ਧਿਆਨ ਦਿਤਿਆਂ ਬਗੈਰ, ਇਹ ਵੀ ਜਾਣਨ ਤੋਂ ਬਗ਼ੈਰ ਕਿ ਸਮਾਜਵਾਦ ਲਿਆਉਣਾ ਕਿਸ ਜਮਾਤ ਦਾ ਇਤਿਹਾਸਕ ਰੋਲ ਹੈ, ਆਪਣੇ ਕਿਆਸੀ ਸਮਾਜਵਾਦ ਨੂੰ ਸਥਾਪਤ ਕਰਨ ਲਈ ਪੂਰਨੇ ਪਾਉਣ ਵਾਸਤੇ, ਮਿਸਾਲਾਂ ਕਾਇਮ ਕਰਨ ਵਾਸਤੇ ਖਾਸ ਬਸਤੀਆਂ ਬਣਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਬਸਤੀਆਂ ਦੇ ਤਜਰਬੇ ਨੇ ਫੇਲ੍ਹ ਹੋਣਾ ਹੀ ਸੀ। ਉਹ ਫੇਲ੍ਹ ਹੋਇਆ। ਸਮਾਜਵਾਦੀ ਲਹਿਰ ਨੂੰ ਉਨ੍ਹਾਂ ਦੇ ਬਸਤੀਆਂ ਵਸਾਉਣ ਵਾਲੇ ਤਜਰਬੇ ਦਾ ਫਾਇਦਾ ਹੋਣ ਦੀ ਥਾਂ ਨੁਕਸਾਨ ਹੋਇਆ। ਅਗਲਿਆਂ ਨੂੰ ਇਹ ਕਹਿਣ ਦਾ ਮੌਕਾ

ਮਿਲਿਆ ਕਿ ਜੋ ਇਹ ਕਹਿੰਦੇ ਹਨ ਉਹ ਸਭ ਹਵਾਈ ਗੱਲਾਂ ਹਨ ; ਅਮਲੀ ਪੱਧਰ 'ਤੇ ਜੋ ਹੈ— ਸਰਮਾਇਦਾਰੀ ਹੀ ਸਭ ਤੋਂ ਵਧੀਆ ਮੁਮਕਿਨ ਨਿਜ਼ਾਮ ਹੈ। ਡਾ. ਗਰੇਵਾਲ ਨੂੰ ਗੁਰਬਾਣੀ ਦੇ ਸਮਝਣ ਵਾਸਤੇ ਉਸ ਦੇ ਮੁਹਾਵਰੇ ਤੋਂ ਜਾਣੂੰ ਹੋਣ ਦੀ ਲੋੜ ਹੈ । ਇਸ ਤੋਂ ਉਪਰੰਤ ਜੇ ਉਹ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ ਲਹਿਰ ਦੀ ਕੀਤੀ ਤੋਂ ਅਸੰਤੁਸ਼ਟ ਹਨ ਤਾਂ ਉਹ ਪੜਾਉ ਪੜਾਈ ਹਾਲਾਤ ਦੇ ਪ੍ਰਸੰਗ ਅਨੁਸਾਰ ਸਾਬਤ ਕਰੀ ਆਉਣ ਕਿ ਕੀ ਮੁਮਕਿਨ ਸੀ ਅਤੇ ਕਿਹੜੇ ਤੇ ਕਿਸ ਤਰ੍ਹਾਂ ਮਿਲੇ ਮੌਕੇ ਲਹਿਰ ਨੇ ਹਥੋਂ ਗੁਆ ਦਿਤੇ। ਉਹਨਾਂ ਦੇ ਕਹੇ 'ਤੇ ਵਿਚਾਰ ਕੀਤੀ ਜਾ ਸਕਦੀ ਹੈ।

ਰਿਸ਼ਤਿਆਂ ਨਾਤਿਆਂ ਵਾਲੀ ਕਹੀ ਗੱਲ ਵੀ ਬਾਜ਼ਾਰੀ ਜਿਹੀ ਗਲ ਹੀ ਹੈ। ਰਿਸ਼ਤਿਆਂ ਨਾਤਿਆਂ ਦੀ ਗਲ ਪਿਛੇ ਮਸਲਾ ਕੀ ਹੈ — ਇਹ ਵੇਖਣਾ ਚਾਹੀਦਾ ਹੈ । ਗੁਰੂ ਸਾਹਿਬਾਨ ਦੀਆਂ ਕੀਤੀਆਂ ਵਿਆਹ ਸ਼ਾਦੀਆਂ ਨੂੰ ਪਾਇਆਂ ਪੂਰਨਿਆਂ ਦੀ ਸ਼ਕਲ ਵਿਚ, ਮਿਸਾਲਾਂ ਕਾਇਮ ਕੀਤੀਆਂ ਦੀ ਸ਼ਕਲ ਵਿਚ ਦੇਖਣਾ ਸਰਾਸਰ ਗ਼ਲਤੀ ਹੈ। ਹਾਲਾਤ ਦੇ ਪ੍ਰਸੰਗ ਤੇ ਲੋਕਾਂ ਦੀ ਵਿਚਾਰਧਾਰਕ ਪਰਾਪਤੀ ਨੂੰ ਨਜ਼ਰ-ਅੰਦਾਜ਼ ਕਰਕੇ ਵੇਖਣਾ ਅੰਨ੍ਹਿਆਂ ਹੋਣ ਵਾਲੀ ਗਲ ਹੈ। ਡਾਕਟਰ ਗਰੇਵਾਲ ਨੇ ਆਪੇ ਹੀ ਗਲ ਬਣਾ ਲਈ ਹੈ ਕਿ ਗੁਰੂ ਸਾਹਿਬਾਨ ਦਾ ਨਿਸ਼ਾਨਾ ਜ਼ਾਤਪਾਤ ਨੂੰ ਕਟਕੇ ਵਿਆਹ ਸ਼ਾਦੀਆਂ ਕਰਾਉਣਾ ਸੀ, ਅਤੇ ਜੇ ਉਨ੍ਹਾਂ ਇਸ ਤਰ੍ਹਾਂ ਸ਼ਾਦੀਆਂ ਨਹੀਂ ਕਰਵਾਈਆਂ ਤਾਂ ਸਿੱਟਾ ਇਹ ਕਿ ਗੁਰੂ ਸਾਹਿਬ ਦਾ ਕਾਬਜ਼ ਸਮਾਜ ਦੀ ਬਣਤਰ ਨੂੰ ਛੇੜਨਾ ਨਿਸ਼ਾਨਾ ਹੀ ਨਹੀਂ ਸੀ !! ਗੁਰੂ ਸਾਹਿਬਾਨ ਦਾ ਨਿਸ਼ਾਨਾ ਜ਼ਾਤ ਪਾਤ ਨੂੰ ਕਟਕੇ ਵਿਆਹ ਸ਼ਾਦੀਆਂ ਕਰਵਾਉਣਾ ਨਹੀਂ ਸੀ; ਸਮਾਜ ਵਿਚ ਜਮਾਤੀ ਅੰਗ ਨੂੰ ਕਾਇਮ ਰਹਿਣ ਦੇਂਦਿਆਂ ਹੋਇਆਂ ਜ਼ਾਤ ਪਾਤ ਦੀ ਸੰਸਥਾ ਨੂੰ ਖ਼ਤਮ ਕਰਨਾ ਵੀ ਨਹੀਂ ਸੀ। ਉਨ੍ਹਾਂ ਦਾ ਨਿਸ਼ਾਨਾ ਸਤੱਈ ਨਹੀਂ ਸੀ, ਬੁਨਿਆਦੀ ਸੀ ਅਤੇ ਉਹ ਸੀ — ਮਾਇਆ ਦੇ ਨਿਜ਼ਾਮ ਨੂੰ ਜੜ੍ਹਾਂ ਤੋਂ ਪੁਟਣਾ । ਸਾਡੇ ਸਮਾਜ ਦਾ ਜਮਾਤੀ ਅੰਗ, ਉਸ ਦੀ ਕਲਚਰ ਜ਼ਾਤ-ਪਾਤੀ ਸ਼ਕਲ ਵਿਚ ਹੈ। ਜ਼ਾਤਪਾਤ ਦੀ ਸੰਸਥਾ ਜਮਾਤੀ ਅੰਗ 'ਤੇ ਹੀ ਹੋਰ ਚੜ੍ਹੀ ਹੋਈ ਪਾਣ ਹੈ, ਅਤੇ ਇਸ ਪਾਣ ਨਾਲ ਜਮਾਤੀ ਅੰਗ ਤੇ ਉਸ ਦੀ ਕਲਚਰ ਹੋਰ ਵੀ ਪੱਕੀ ਹੋਈ ਹੋਈ ਹੈ। ਸਾਡੀ ਸਮਾਜਕ ਬਣਤਰ ਤੇ ਕਲਚਰ ਵਿਚ ਜਮਾਤੀ ਅੰਗ ਨੂੰ ਜ਼ਾਤ ਪਾਤ ਦੀ ਸੰਸਥਾ ਨਾਲੋਂ ਨਿਖੇੜਕੇ ਦੇਖਣਾ, ਜ਼ਾਤ ਪਾਤ ਦੀ ਸੰਸਥਾ ਨੂੰ ਜਮਾਤੀ ਅੰਗ ਨਾਲੋਂ ਆਜ਼ਾਦ ਅਣਸਬੰਧਤ ਕਰਕੇ ਵੇਖਣਾ ਅਗਿਆਨਤਾ ਹੈ ।

ਅਸਲ ਵਿਚ ਵਿਆਹ ਸ਼ਾਦੀਆਂ ਦਾ ਮਸਲਾ ਹੈ ਕੀ ? ਇਸਤਰੀ-ਮਰਦ ਦਾ ਆਪਸ ਵਿਚ ਰਿਸ਼ਤਾ। ਇਸ ਰਿਸ਼ਤੇ ਵਿਚ ਇਨਕਲਾਬੀ ਪਰਾਪਤੀ ਦਾ ਨਿਸ਼ਾਨਾ ਕੀ ਹੈ ? ਇਸਤਰੀ ਦੀ ਆਜ਼ਾਦੀ। ਜਮਾਤੀ ਸਮਾਜ ਵਿਚ ਔਰਤ ਦੋਹਰੀ ਗੁਲਾਮ ਹੈ। ਜਮਾਤੀ ਸਮਾਜ ਵਿਚ, ਔਰਤ ਦੀ ਗੁਲਾਮੀ ਦੀ ਦਸ਼ਾ ਵਿਚ ਇਸਤਰੀ ਮਰਦ ਦੇ ਰਿਸ਼ਤੇ ਦਾ ਮੂਲ ਕੀ ਹੈ ? "ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ।" ਇਸ ਰਿਸ਼ਤੇ ਨੂੰ ਗੁਰਬਾਣੀ ਲਿਜਾਣਾ ਕਿਥੇ ਚਾਹੁੰਦੀ ਹੈ ? "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕੱਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।" ਜ਼ਾਤ ਪਾਤ ਨੂੰ ਤੋੜ ਕੇ ਵਿਆਹ ਕਰਾਉਣ ਨੂੰ ਲਹਿਰ ਦਾ ਮਨੋਰਥ ਬਣਾਉਂਦੇ ਕੌਣ ਹਨ ? ਇਨਕਲਾਬ ਨਾਲ ਠੱਗੀ ਕਰਨ ਵਾਲੇ, ਮਨੁਖ ਦੀ ਆਜ਼ਾਦੀ ਦੀ ਲਹਿਰ ਨੂੰ ਗੁਮਰਾਹ ਕਰਨ ਵਾਲੇ, ਬਾਜ਼ਾਰੀ ਸੁਧਾਰਕ। ਵਸਤੂ ਨੂੰ ਵਿਸਾਰ ਕੇ ਰੂਪ ਵਿਚ ਉਲਝਣ ਤੇ ਅਗਲਿਆਂ ਨੂੰ ਉਲਝਾਉਣ ਵਾਲੇ। ਵਿਆਹ ਦੇ ਮਸਲੇ ਦਾ ਮੂਲ ਕੀ ਹੈ ? ਹਾਣੀ ਦੀ ਚੋਣ ਅਤੇ ਵਿਆਹ ਤੋਂ ਮਗਰੋਂ ਪਤੀ



ਪਤਨੀ ਦਾ ਆਪਸ ਵਿਚ ਰਿਸ਼ਤਾ। ਜ਼ਾਤ ਪਾਤ ਨੂੰ ਤੋੜ ਕੇ ਵਿਆਹ ਕਰਾਉਣ ਨਾਲ ਔਰਤ ਦੀ ਗੁਲਾਮੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਔਰਤ ਆਪਣੀ ਜ਼ਾਤ ਦੇ ਮਰਦ ਦੀ ਗੁਲਾਮ ਨਾ ਹੋਈ, ਦੂਸਰੀ ਜ਼ਾਤ ਦੇ ਮਰਦ ਦੀ ਗੁਲਾਮ ਹੋ ਗਈ। ਫਰਕ ਸਿਰਫ਼ ਐਨਾ ਹੀ ਪੈਂਦਾ ਹੈ ਕਿ ਜੇ ਵਖ ਵਖ ਜ਼ਾਤਾਂ ਦੇ ਕੁੜੀ ਤੇ ਮੁੰਡੇ ਦੀ ਮਰਜ਼ੀ ਆਪਸ ਵਿਚ ਮਿਲ ਜਾਵੇ ਤਾਂ ਜ਼ਾਤ ਪਾਤ ਦੀ ਸੰਸਥਾ ਉਨ੍ਹਾਂ ਦੇ ਜਮਾਤੀ ਸਮਾਜ ਦੇ ਵਿਆਹ ਵਿਚ ਰੁਕਾਵਟ ਨਾ ਹੋਵੇ। ਉਸ ਨੁਕਤੇ ਬਾਬਤ ਸਮਝਣ ਵਾਲੀ ਗੱਲ ਇਹ ਹੈ ਕਿ ਜ਼ਾਤ ਪਾਤ ਨੂੰ ਕਟਕੇ ਵਿਆਹ ਕਰਾਉਣ ਨਾਲ ਹੀ ਪਤੀ ਪਤਨੀ ਦਾ ਆਪਸ ਵਿਚ ਰਿਸ਼ਤਾ ਇਸ਼ਕ ਦਾ, ਇਨਸਾਨੀਅਤ ਦਾ, ਆਜ਼ਾਦੀ ਦਾ ਨਹੀਂ ਬਣ ਜਾਂਦਾ ।

ਡਾਕਟਰ ਗਰੇਵਾਲ ਨੇ ਇਸ ਨੁਕਤੇ ਨੂੰ ਤੂਲ ਕਿਉਂ ਦਿਤਾ ਹੈ ? ਇਸ ਵਾਸਤੇ ਕਿ ਉਹ ਇਸ ਨੂੰ ਇਨਕਲਾਬ ਦਾ, ਆਜ਼ਾਦੀ ਦਾ ਅੰਗ ਸਮਝ ਰਹੇ ਹਨ। ਉਹਨਾਂ ਨੂੰ ਇਹ ਗਿਆਨ ਨਹੀਂ ਕਿ ਇਸਤਰੀ ਮਰਦ ਦੇ ਰਿਸ਼ਤੇ ਵਿਚ ਆਜ਼ਾਦੀ ਤੇ ਇਨਸਾਨੀਅਤ ਦਾ ਮੁਕਾਮ ਇਸ਼ਕ ਤੋਂ ਉਰੇ ਨਹੀਂ ਅਤੇ ਇਸ਼ਕ ਦੀ ਪੂਰਤੀ ਇਨਕਲਾਬੋਂ, ਜਮਾਤ-ਰਹਿਤ ਸਮਾਜ ਦੀ ਸਥਾਪਤੀ ਤੋਂ ਉਰੇ ਨਹੀਂ। ਇਤਿਹਾਸ ਦੇ ਗਿਆਨ ਨੇ ਡਾ. ਗਰੇਵਾਲ ਨੂੰ ਇਹ ਤਾਂ ਦਸਿਆ ਹੀ ਹਊ ਕਿ ਇਨਕਲਾਬ ਜਾਂ ਤਾਂ ਸਾਰੇ ਸਮਾਜ ਵਿਚ ਆਉਂਦਾ ਹੈ ਜਾਂ ਨਹੀਂ ਆਉਂਦਾ। ਜੇ ਸਾਰੇ ਸਮਾਜ ਵਿਚ ਨਹੀਂ ਆਉਂਦਾ ਤਾਂ ਉਹ ਸਮਾਜ ਦੀ ਕਿਸੇ ਖ਼ਾਸ ਨੁਕਰੇ ਜਾਂ ਇਕ ਖ਼ਾਸ ਰਿਸ਼ਤੇ ਵਿਚ ਨਹੀਂ ਆ ਸਕਦਾ। ਜੇ ਸਮਾਜ ਦੇ ਪੈਦਾਵਾਰ ਦੇ ਰਿਸ਼ਤੇ ਜਮਾਤੀ ਸਮਾਜ ਵਾਲੇ ਹਨ ਤਾਂ ਕੋਈ ਐਸੀ ਕਰਾ-ਮਾਤ ਹੈ ਨਹੀਂ ਜਿਸ ਨਾਲ ਇਸਤਰੀ ਮਰਦ ਦਾ ਰਿਸ਼ਤਾ ਇਸ਼ਕ ਦਾ, ਆਜ਼ਾਦੀ ਵਾਲਾ ਹੋ ਜਾਵੇ। ਇਸਤਰੀ ਲਾਜ਼ਮੀ ਗੁਲਾਮ ਰਹੇਗੀ। ਆਜ਼ਾਦ ਹੋ ਹੀ ਨਹੀਂ ਸਕਦੀ। ਮਨੁਖ ਦੀ ਆਜ਼ਾਦੀ ਦੀ ਲਹਿਰ ਦਾ ਨਿਸ਼ਾਨਾ ਮਾਇਆ ਦੇ ਨਿਜ਼ਾਮ ਦੇ ਵਿਰੁਧ ਲੋਕ-ਹਿਤ ਦੇ ਪੈਂਤੜੇ ਤੋਂ ਇਨਕਲਾਬ ਲਿਆਉਣਾ ਹੈ। ਜ਼ਾਤਪਾਤ ਦੀ ਸੰਸਥਾ ਨੂੰ ਖ਼ਤਮ ਕਰਨਾ ਲਹਿਰ ਦਾ ਮਨੋਰਥ ਨਹੀਂ ਹੋ ਸਕਦਾ। ਸਾਡਾ ਨਿਜ਼ਾਮ ਫ਼ੀਊਡਲ ਤੋਂ ਸਰਮਾਇਦਾਰੀ ਹੋ ਗਿਆ ਹੈ। ਇਸ ਤਬਦੀਲੀ ਦੇ ਆਉਣ ਨਾਲ ਜ਼ਾਤ ਪਾਤ ਦੀ ਸੰਸਥਾ ਅਗੇ ਨਾਲੋਂ ਕਦਰੇ ਢਿੱਲੀ ਹੋਈ ਹੈ। ਖ਼ਾਸ ਕਰ ਵਡਿਆਂ ਸ਼ਹਿਰਾਂ ਵਿਚ। ਜਿਸ ਹਦ ਤਕ ਵੀ ਢਿੱਲੀ ਹੋਈ ਹੈ ਇਹ ਚੰਗੀ ਗੱਲ ਹੈ। ਪਰ ਸਾਡੇ ਸਰਮਾਇਦਾਰੀ ਨਿਜ਼ਾਮ ਨੇ ਬੁਨਿਆਦੀ ਤੌਰ 'ਤੇ ਇਸ ਨਾਲ ਸਮਝਾਉਤਾ ਕਰ ਲਿਆ ਹੈ। ਇਸ ਨੂੰ ਆਪਣੀ ਪਕਿਆਈ ਦਾ ਸੰਦ ਬਣਾ ਤੋਰਿਆ ਹੈ। ਇਸ ਨੁਕਤੇ ਬਾਬਤ ਦੋ ਗਲਾਂ ਸਮਝਣ ਵਾਲੀਆਂ ਹਨ। ਇਕ ਇਹ ਕਿ ਜ਼ਾਤ ਪਾਤ ਦੀ ਸੰਸਥਾ ਨੂੰ ਖ਼ਤਮ ਕਰਨ ਦਾ ਮਨੋਰਥ ਬਣਾਇਆਂ ਇਹ ਕਦੀ ਖ਼ਤਮ ਨਹੀਂ ਹੋ ਸਕਦੀ। ਦੂਸਰੀ ਇਹ ਕਿ ਸਾਡੇ ਸਮਾਜ ਤੇ ਉਸ ਦੀ ਕਲਚਰ ਵਿਚੋਂ ਇਹ ਉਸ ਵਕਤ ਤਕ ਖ਼ਤਮ ਨਹੀਂ ਹੋਵੇਗੀ ਜਦੋਂ ਤਕ ਇਸ ਵਿਚੋਂ ਜਮਾਤੀ ਅੰਗ ਅਲੋਪ ਨਹੀਂ ਹੋ ਜਾਂਦਾ। ਇਹ ਕੰਮ ਸੁਧਾਰ ਦਾ ਨਹੀਂ, ਇਨਕਲਾਬ ਦਾ ਹੈ।

ਡਾਕਟਰ ਗਰੇਵਾਲ ਦੇ ਅਨੁਸਾਰ ਗੁਰੂ ਸਾਹਿਬਾਨ ਦਾ ਜ਼ਾਤ ਪਾਤ ਦੀ ਸੰਸਥਾ ਨੂੰ ਤੋੜਕੇ ਰਿਸ਼ਤੇ ਨਾਤੇ ਨਾ ਕਰਨਾ ਉਨ੍ਹਾਂ ਦੀ ਕਰਨੀ ਵਿਚ ਊਣ ਤੇ ਉਨ੍ਹਾਂ ਦੀ ਚਲਾਈ ਲਹਿਰ ਵਿਚ ਬੁਨਿਆਦੀ ਨੁਕਸ ਤੇ ਘਾਟਾ ਸੀ। ਇਸ ਦਾ ਇਸ਼ਾਰਾ ਇਹ ਹੈ ਕਿ ਗੁਰੂ ਸਾਹਿਬਾਨ ਨੇ ਇਸਤਰੀ ਦੀ ਆਜ਼ਾਦੀ ਵਾਸਤੇ ਕੁਝ ਨਹੀਂ ਕੀਤਾ। ਜਿਸ ਤਰ੍ਹਾਂ ਉਨ੍ਹਾਂ ਸਪਸ਼ਟ ਹੀ ਕਿਹਾ ਹੈ ਕਿ ਸਮਾਜ ਦੇ ਆਰਥਕ ਸਮਾਜਕ ਸਿਆਸੀ ਢਾਂਚੇ ਨੂੰ ਬਦਲਣਾ ਨਾ ਉਨ੍ਹਾਂ ਦਾ ਮਨੋਰਥ ਸੀ ਅਤੇ ਨਾ ਉਹ

ਇਸ ਤਬਦੀਲੀ ਦੀ ਕਲਪਨਾ ਹੀ ਕਰ ਸਕਦੇ ਸਨ। ਡਾ. ਗਰੇਵਾਲ ਕਹਿੰਦੇ ਹਨ ਕਿ ਗੁਰੂ ਸਾਹਿਬਾਨ ਸਿਰਫ਼ ਸੂਦਰ ਦੀ ਬ੍ਰਾਹਮਣ ਦੇ, ਤੇ ਔਰਤ ਦੀ ਮਰਦ ਦੇ ਨਾਲ "ਮੁਕਤੀ ਦੇ ਸਵਾਲ 'ਤੇ ਪੂਰਨ ਬਰਾਬਰੀ ਦੀ ਵਕਾਲਤ ਕਰਦੇ ਹਨ।" ਡਾਕਟਰ ਗਰੇਵਾਲ ਨੇ ਇਸ ਗਲ ਨੂੰ ਐਵੇਂ ਘਟੇ ਕੌਡੀਆਂ ਰਲਾਇਆ ਹੈ। ਇਸ ਨੁਕਤੇ ਬਾਬਤ ਗੁਰੂ ਸਾਹਿਬਾਨ ਦੀ ਕਰਨੀ ਦਾ ਅਰਥ, ਉਸ ਦੀ ਵਸਤੂ ਕੀ ਹੈ ? ਉਸ ਦੀ ਵਸਤੂ ਹੈ ਔਰਤ ਨੂੰ ਸਤਿਗੁਰੂ ਦੇ ਸ਼ਬਦ ਵਿਚ ਅੰਕਤ ਉਹ ਹੀ ਨਾਮ ਗ੍ਰਹਿਣ ਕਰਵਾਉਣਾ, ਜੋ ਉਹ ਸਰਬਤ ਨੂੰ ਮਾਇਆ ਦੇ ਬੰਧਨ ਵਿਚੋਂ ਕਢਣ ਵਾਸਤੇ, ਸਰਬਤ ਨੂੰ ਆਜ਼ਾਦ ਕਰਾਉਣ ਵਾਸਤੇ, ਸਰਬਤ ਨੂੰ ਗ੍ਰਹਿਣ ਕਰਾਉਣ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ ਨੂੰ ਗ੍ਰਹਿਣ ਕਰਕੇ ਸਮਾਜ ਦਾ ਸਭ ਸੂਦਰ ਤਬਕਾ, ਸਭ ਮੇਹਨਤਕਸ਼ ਤਬਕਾ, ਕਿਸਾਨ, ਕਾਰੀਗਰ, ਕੰਮੀਂ ਤੇ ਕਾਮੇ ਉਸ ਵੇਲੇ ਦੇ ਮਾਇਆ ਦੇ ਨਿਜ਼ਾਮ — ਫੀਊਡਲ ਨਿਜ਼ਾਮ — ਦੇ ਵਿਰੁਧ ਸਰਬਤ ਦੀ ਆਜ਼ਾਦੀ ਲਈ ਇਨਕਲਾਬ ਲਿਆਉਣ ਵਾਸਤੇ ਲੜੇ। ਔਰਤ ਹੋਵੇ ਭਾਵੇਂ ਮਰਦ, ਮੇਹਨਤਕਸ਼ ਤਬਕੇ ਦਾ ਮਰਦ, ਜਦੋਂ ਜਮਾਤੀ ਸਮਾਜ ਕਾਬਜ਼ ਹੋਵੇ, ਉਸ ਦੇ ਵਾਸਤੇ ਆਜ਼ਾਦੀ ਦਾ ਰਾਹ ਇਕ ਹੀ ਹੁੰਦਾ ਹੈ ਤੇ ਉਹ ਹੁੰਦਾ ਹੈ ਕਾਬਜ਼ ਨਿਜ਼ਾਮ ਦੇ ਵਿਰੋਧੀ ਇਨ-ਕਲਾਬੀ ਚੇਤਨਤਾ ਵਰਨੀ ਅਤੇ ਉਸ ਚੇਤਨਤਾ ਨੂੰ ਜ਼ਿੰਦਗੀ ਦੇ ਹਰ ਮੁਹਾਜ਼ 'ਤੇ ਅਮਲੀ ਜਾਮਾ ਪਹਿਨਾਉਣਾ, ਇਨਕਲਾਬੀ ਬਣ, ਜ਼ਿੰਦਗੀ ਦੇ ਕਿਸੇ ਮੁਹਾਜ਼ ਉਤੇ ਵੀ ਇਨਕਲਾਬ ਲਿਆਉਣ ਦੇ ਵੇਗ ਵਿਚ ਤਨੋਂ ਮਨੋਂ ਪੈਣਾ। ਗੁਰੂ ਸਾਹਿਬਾਨ ਨੇ ਮੇਹਨਤਕਸ਼ ਤਬਕੇ ਦੇ ਮਰਦ ਦੇ ਨਾਲ ਔਰਤ ਨੂੰ ਵੀ ਆਜ਼ਾਦੀ ਦੇ ਇਸ ਗਾਡੀ ਰਾਹੇ ਪਾਇਆ। ਇਸ ਤੋਂ ਵਧ ਔਰਤ ਦੀ ਆਜ਼ਾਦੀ ਵਾਸਤੇ ਇਨਕਲਾਬ ਤੋਂ ਪਹਿਲਾਂ ਹੋਰ ਕੁਝ ਮੁਮਕਿਨ ਸੀ ? ਕਿਸੇ ਦੀ ਵੀ ਆਜ਼ਾਦੀ ਵਾਸਤੇ ਹੋਰ ਕੁਛ ਮੁਮਕਿਨ ਹੋ ਸਕਦਾ ਹੈ ?

ਸਤਿਗੁਰੂ ਦਾ ਦਿਤਾ ਨਾਮ ਗ੍ਰਹਿਣ ਕਰਕੇ ਔਰਤ ਮਰਦ ਦੇ ਨਾਲ ਇਨਕਲਾਬ ਲਿਆਉਣ ਵਾਲੀ ਜਰਨੈਲੀ ਸੜਕੇ ਪਈ। ਗੁਰੂ ਸਾਹਿਬਾਨ ਦੀ ਚਲਾਈ ਲਹਿਰ ਵਿਚ ਨਿਝੱਕ ਤਨੋਂ ਮਨੋਂ ਸ਼ਾਮਲ ਹੋਈ। ਉਹ ਆਪਣੇ ਮਰਦ ਨਾਲ ਰਿਸ਼ਤੇ ਵਿਚ ਵੀ ਆਜ਼ਾਦ ਔਰਤ ਬਣਕੇ, ਆਜ਼ਾਦ ਮਰਦ ਨਾਲ, ਆਜ਼ਾਦੀ ਦੀ ਬਿਨਾ 'ਤੇ ਰਿਸ਼ਤਾ ਕਾਇਮ ਕਰਨ ਵਾਸਤੇ ਸਿਰ ਧੜ ਦੀ ਲਾ ਕੇ ਲੜੀ। ਹੀਰ ਪੈਦਾ ਹੋਈ। ਉਹ ਆਪਣੇ ਇਸ਼ਕ ਵਾਸਤੇ ਲੜੀ ਅਤੇ ਲੜਦੀ ਲੜਦੀ ਸ਼ਹੀਦ ਹੋਈ। ਪਰ ਇਸ਼ਕ ਨੂੰ ਪਿੱਠ ਨਹੀਂ ਦਿਤੀ। ਇਸਤਰੀ ਮਰਦ ਦੇ ਰਿਸ਼ਤੇ ਵਿਚ ਇਸ਼ਕ ਇਨਕਲਾਬ ਹੈ। ਆਜ਼ਾਦੀ ਹੈ। ਇਨਸਾਨੀਅਤ ਹੈ। 'ਇਸ਼ਕ ਪੀਰ ਫਕੀਰ ਦਾ ਮਰਤਬਾ ਹੈ' ਇਹ ਸਿਰਫ ਸਾਡੇ ਕਹਿਣ ਦੀ ਹੀ ਗਲ ਨਹੀਂ ? ਸਿਖ ਪਰੰਪਰਾ ਵਿਚ ਭਾਈ ਗੁਰਦਾਸ ਨੇ, ਗੁਰੂ ਗੋਬਿੰਦ ਸਿੰਘ ਨੇ ਇਸ਼ਕ ਨੂੰ ਆਜ਼ਾਦੀ ਕਰਕੇ ਪ੍ਰਵਾਨ ਕੀਤਾ ਹੈ। ਇਸਲਾਮੀ ਪਰੰਪਰਾ ਵਿਚ ਸ਼ਾਹ ਹੁਸੈਨ ਨੇ, ਬੁਲ੍ਹੇ ਸ਼ਾਹ ਨੇ, ਵਾਰਸ ਸ਼ਾਹ ਨੇ ਇਸ਼ਕ ਨੂੰ 'ਇਸ਼ਕ ਕੀਤਾ ਸੁ ਜਗ ਦਾ ਮੂਲ ਮੀਆਂ' ਕਰਕੇ ਪ੍ਰਨਾਮ ਕੀਤਾ ਹੈ। (ਹੋਰ ਵਿਸਥਾਰ ਵਾਸਤੇ ਵੇਖੋ ਸੇਧ ਦੇ ਸਫਿਆਂ ਵਿਚ ਪਰੋਫ਼ੈਸਰ ਸੋਬਤੀ ਦੇ ਮਜ਼ਮੂਨ) ਸਿਰਫ਼ ਜ਼ਾਤ ਪਾਤ ਨੂੰ ਕਟਕੇ ਵਿਆਹ ਕਰਾਉਣ ਵਿਚ ਔਰਤ ਦੀ ਆਜ਼ਾਦੀ ਕਿਸ ਤਰ੍ਹਾਂ ਹੈ -- ਇਹ ਡਾਕਟਰ ਗਰੇਵਾਲ ਨੇ ਵਿਆਖਿਆ ਕਰਕੇ ਕਿਤੇ ਦਸਿਆ ਨਹੀਂ।

ਆਪਣੇ ਮਹਿਦੂਦ ਅਰਥਾਂ ਵਿਚ ਇਸ਼ਕ ਆਜ਼ਾਦੀ ਦਾ, ਇਸਤਰੀ ਮਰਦ ਦੇ ਜਿਨਸੀ ਰਿਸ਼ਤੇ ਦੇ ਮੁਹਾਜ਼ ਦਾ ਰੂਪ ਹੈ। ਘਰੋਗੀ ਰਿਸ਼ਤੇ ਵਿਚ ਇਸਤਰੀ ਮਰਦ ਦੀ ਆਜ਼ਾਦੀ, ਤੇ ਆਜ਼ਾਦੀ ਦੀ ਬਿਨਾਂ 'ਤੇ ਉਨ੍ਹਾਂ ਦਾ ਆਪਸ ਵਿਚ ਜਿਨਸੀ ਰਿਸ਼ਤਾ, ਆਜ਼ਾਦੀ ਦੀ ਬਿਨਾਂ 'ਤੇ ਵਿਆਹ ਦੀ



ਸੰਸਥਾ ਦਾ ਮੂਲ ਹੈ। ਆਪਣੇ ਮਹਿਦੂਦ ਅਰਥਾਂ -- ਔਰਤ ਦੇ ਮਰਦ ਨਾਲ ਜਿਨਸੀ ਪਿਆਰ ਦੇ ਰੂਪ -- ਵਿਚ ਇਸ਼ਕ ਨੇ ਮਹਾਨ ਤੋਂ ਮਹਾਨ ਸਾਹਿਤ ਨੂੰ ਜਨਮ ਦਿਤਾ ਹੈ। ਇਨ੍ਹਾਂ ਅਰਥਾਂ ਵਿਚ ਮਹਾਨ ਸਾਹਿਤਕਾਰਾਂ ਇਸ ਨੂੰ ਮੂਲ ਮਜ਼ਮੂਨ ਬਣਾ ਕੇ ਸਮਾਜਕ ਮਨੁਖੀ ਅਸਲੀਅਤ ਬੜੀ ਵਫ਼ਾਦਾਰੀ ਨਾਲ ਪੇਸ਼ ਕੀਤੀ, ਜਮਾਤੀ ਸਮਾਜ ਦਾ ਸਾਇੰਟਿਫਿਕ ਕਿਰੀਟੀਕ ਦਿਤਾ। ਅਮਰ ਸਾਹਿਤ, ਅਮਰ ਪਾਤਰ ਤੇ ਅਮਰ ਕਲਚਰਲ ਚਿੱਤਰ ਸਿਰਜੇ। ਪਰ ਇਸਤਰੀ ਮਰਦ ਦਾ ਜਿਨਸੀ ਰਿਸ਼ਤਾ, ਚੂੰਕਿ ਘਰੋਗੀ ਹੈ ਇਸ ਰਿਸ਼ਤੇ ਦੇ ਮਹਿਦੂਦ ਅਰਥਾਂ ਵਿਚ ਇਸ਼ਕ ਤੋਂ ਕਦੇ ਸਿਆਸੀ ਮੁਹਾਜ਼ ਦੀ ਇਨਕਲਾਬੀ ਲਹਿਰ ਪੈਦਾ ਨਹੀਂ ਹੋਈ। ਇਹ ਕਲਚਰ ਦੇ ਮੁਹਾਜ਼ ਦਾ ਸੰਦ ਤੇ ਵਸਤੂ ਹੈ। ਸਿਆਸੀ ਮੁਹਾਜ਼ 'ਤੇ ਇਨਕਲਾਬੀ ਲਹਿਰ ਸਿਆਸੀ ਰਿਸ਼ਤੇ ਨੂੰ, ਮਨੁਖ ਦੇ ਸਟੇਟ ਨਾਲ ਰਿਸ਼ਤੇ ਨੂੰ ਮੂਲ ਮੁਹਾਜ਼ ਬਣਾਇਆਂ ਹੀ ਪੈਦਾ ਹੁੰਦੀ ਤੇ ਉਸਰਦੀ ਹੈ। ਦੂਸਰੇ ਲਫਜ਼ਾਂ ਵਿਚ ਇਸ਼ਕ ਦੇ ਵਿਸ਼ਾਲ ਅਰਥਾਂ ਵਿਚ ਇਸ ਨੂੰ ਮੂਲ ਮਜ਼ਮੂਨ ਬਣਾਇਆਂ ਉਸਰਦੀ ਹੈ। ਜਦੋਂ ਵਿਚਾਰਧਾਰਾ ਦਾ ਰੂਪ ਮਜ਼ਬੀ ਹੋਵੇ, ਉਦੋਂ ਰੱਬ ਦੇ ਇਸ਼ਕ ਨੂੰ ਮੂਲ ਮਜ਼ਮੂਨ ਬਣਾਇਆਂ ਹੀ ਇਨਕਲਾਬੀ ਲਹਿਰ ਜਨਮ ਲੈਂਦੀ ਹੈ। ਇਸ ਵਾਸਤੇ ਕਿ ਮਜ਼ਬੀ ਵਿਚਾਰਧਾਰਾ ਵਿਚ ਰੱਬ ਸਟੇਟ ਦਾ ਅਕਸ ਹੈ। ਆਪਣੇ ਹਿੱਤੀ ਰੱਬ ਨਾਲ ਇਸ਼ਕ ਉਸ ਵਲ ਨੂੰ ਪੂਰਨ ਵਫਾਦਾਰੀ, ਆਪਣੇ ਹਿੱਤੀ ਸਟੇਟ ਨਾਲ ਇਸ਼ਕ ਤੇ ਉਸ ਵਲ ਨੂੰ ਪੂਰਨ ਵਫਾਦਾਰੀ ਹੈ।

ਅੱਵਲ ਹਮਦ ਖੁਦਾਇ ਦਾ ਵਿਰਦ ਕੀਚੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੇ ਆਪ ਹੀ ਰੱਬ ਨੇ ਇਸ਼ਕ ਕੀਤਾ, ਮਾਸ਼ੂਕ ਹੈ ਨਬੀ ਰਸੂਲ ਮੀਆਂ।
ਇਸ਼ਕ ਪੀਰ ਫਕੀਰ ਦਾ ਮਰਤਬਾ ਹੈ, ਮਰਦ ਇਸ਼ਕ ਦਾ ਭਲਾ ਰੰਜੂਲ ਮੀਆਂ।
ਖਿਲੇ ਤਿਨ੍ਹਾਂ ਦੇ ਬਾਗ਼ ਕਲੂਬ ਅੰਦਰ, ਜਿਨ੍ਹਾਂ ਕੀਤਾ ਹੈ ਇਸ਼ਕ ਕਬੂਲ ਮੀਆਂ। ਵਾਰਿਸ ਸ਼ਾਹ

ਗੁਰੂ ਸਾਹਿਬਾਨ ਨੇ ਇਸਤਰੀ ਮਰਦ ਦੇ ਰਿਸ਼ਤੇ ਨੂੰ, ਇਸ ਰਿਸ਼ਤੇ ਦੇ ਇਸ਼ਕ ਨੂੰ ਆਪਣੀ ਰਚਨਾ ਦਾ ਮਜ਼ਮੂਨ ਨਹੀਂ ਬਣਾਇਆ। ਬੰਦੇ ਦੇ ਗੁਰਬਾਣੀ ਵਾਲੇ, ਆਪਣੇ ਰਬ ਨਾਲ ਪਿਆਰ ਨੂੰ ਨਿਰੋਲ ਮਜ਼ਮੂਨ ਬਣਾਇਆ ਹੈ। ਸਾਰੀ ਗੁਰਬਾਣੀ ਦੀ ਕੋਸ਼ਿਸ਼ ਇਕ ਹੀ ਹੈ ਕਿ ਬੰਦਾ ਮਾਇਆ ਦੇ ਸਭ ਧੰਧੇ ਨੂੰ ਛਡ ਛਡਾ ਕੇ ਗੁਰੂ ਸਾਹਿਬਾਨ ਵਾਲੇ ਰਬ ਨਾਲ ਇਸ਼ਕ ਕਰੇ। ਅਤੇ ਉਸ ਇਸ਼ਕ ਵਿਚ ਪੂਰਾ ਉਤਰੇ। ਗੁਰੂ ਸਾਹਿਬ ਦੇ ਇਸ ਮਜ਼ਮੂਨ ਨੂੰ ਲੈਣ ਦਾ ਕਾਰਨ ਸਪੱਸ਼ਟ ਹੈ। ਉਨ੍ਹਾਂ ਮਜ਼ਬੀ ਰੂਪ ਵਿਚ ਸਿੱਧਾ ਸਿਆਸੀ ਮੁਹਾਜ਼ ਲਿਆ ਹੈ। ਜਿਸ ਤਰ੍ਹਾਂ ਪਿਛੇ ਦਸ ਆਏ ਹਾਂ ਰਬ ਸਟੇਟ ਦਾ ਚਿਤਰ ਹੈ। ਮਨੁਖ ਦੇ ਕਾਬਜ਼ ਰਬ ਦੇ ਰੂਪ ਰਾਹੀਂ, ਕਾਬਜ਼ ਸਟੇਟ ਨਾਲ ਰਿਸ਼ਤੇ ਨੂੰ ਵੰਗਾਰ ਕੇ, ਉਸ ਨੂੰ ਢਾਹ ਕੇ, ਆਪਣੇ ਹਿੱਤੀ ਰਬ ਦੇ ਰੂਪ ਰਾਹੀਂ, ਆਪਣੇ ਹਿੱਤੀ ਸਟੇਟ ਨਾਲ ਇਸ਼ਕ ਦਾ ਰਿਸ਼ਤਾ ਸਥਾਪਤ ਕਰਕੇ ਹੀ, ਮਜ਼ਬੀ ਰੂਪ ਵਿਚ ਸਿਆਸੀ ਲਹਿਰ ਜਨਮ ਲੈ ਕੇ, ਬਾਲਗ਼ ਹੋਕੇ, ਇਨਕਲਾਬ ਲਿਆ ਸਕਦੀ ਸੀ। ਪਰ ਗੁਰੂ ਸਾਹਿਬਾਨ ਨੇ ਇਸ ਸਿਆਸੀ ਰਿਸ਼ਤੇ ਨੂੰ, ਗੁਰਬਾਣੀ ਵਾਲੇ ਰਬ ਨਾਲ ਬੰਦੇ ਦੇ ਇਸ਼ਕ ਨੂੰ, ਇਸਤਰੀ ਮਰਦ ਦੇ ਜਿਨਸੀ ਇਸ਼ਕ ਰਾਹੀਂ ਹੀ ਪ੍ਰਗਟ ਕੀਤਾ ਹੈ। "ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ। ਜਾਇ ਪੁਛਹੁ ਡੋਹਾਗਣੀ ਤੁਮ ਕਿਉਂ ਰੈਣਿ ਵਿਹਾਇ।"

ਗੁਰਬਾਣੀ ਦਾ ਰਬ ਪੂਰਨ ਆਸ਼ਕ ਦੇ ਰੂਪ ਵਿਚ ਪੇਸ਼ ਹੈ। ਬੰਦਾ ਉਸ ਵਲ ਨੂੰ ਇਕ ਕਦਮ ਪੁਟੇ, ਉਹ ਅਗੋਂ ਉਸ ਨੂੰ ਵੀਹ ਕਦਮ ਪੁਟਕੇ ਲੈਣ ਆਉਂਦਾ ਹੈ। ਉਹ ਮੂੰਹ ਉਸ ਨੂੰ ਹੀ ਲਾਉਂਦਾ ਹੈ ਜੋ ਇਸ਼ਕ ਵਿਚ ਪੂਰਾ ਉਤਰੇ। ਗੁਰਬਾਣੀ ਵਿਚ ਰਬ — ਸਰਬਤ ਦੀ ਆਜ਼ਾਦੀ ਦਾ ਸੱਚ — ਪਤੀ

ਦੇ ਰੂਪ ਵਿਚ ਪੇਸ਼ ਹੈ ਅਤੇ ਬੰਦਾ ਉਸ ਦੀ ਪਤਨੀ ਦੇ ਰੂਪ ਵਿਚ। ਸੂਫੀਆਂ ਦੇ ਮੁਹਾਵਰੇ ਵਿਚ ਰਬ ਪਤੀ ਨੂੰ ਉਹ ਪਤਨੀ ਹੀ ਪ੍ਰਵਾਨ ਹੈ ਜੋ ਨੰਗ ਨਾਮੂਸ ਨੂੰ ਲਾਹ ਕੇ ('ਛਡ ਨੰਗ ਨਾਮੂਸ ਫਕੀਰ ਹੋਇਆ') ਨਫਸ ਤੇ ਹਿਰਸ ਨੂੰ ਮਾਰਕੇ ('ਸ਼ਕਰ ਗੰਜ ਮਸਊਦ ਮੌਦੂਦ ਵਾਂਗੂ, ਉਹ ਨਫਸ ਤੇ ਹਿਰਸ ਨੂੰ ਮਾਰ ਰਿਹਾ') — ਇਸ਼ਕ ਦਾ ਪੂਰਨ ਸਰੂਪ ਹੋ ਚੁਕੀ ਹੋਵੇ। ਅਤੇ ਗੁਰਬਾਣੀ ਦੇ ਮੁਹਾਵਰੇ ਵਿਚ ਹਉਮੈ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨੂੰ ਤਿਆਗਕੇ ਨਾਮ ਨੂੰ ਗ੍ਰਹਿਣ ਕਰਕੇ ਉਸ ਦਾ ਸਰੂਪ ਬਣ ਚੁਕੀ ਹੋਵੇ। ਰਬ ਪਤੀ ਦੇ ਨਾਲ ਵਸਲ — ਇਸ਼ਕ — ਨਾਮ ਵਿਚ ਪੂਰਿਆਂ ਨੂੰ ਹੀ ਨਸੀਬ ਹੁੰਦਾ ਹੈ। ਗੁਰੂ ਸਾਹਿਬਾਨ ਨੇ ਇਸ਼ਕ ਦਾ ਮੁਹਾਵਰਾ ਨਹੀਂ ਵਰਤਿਆ। ਇਹ ਮੁਹਾਵਰਾ ਸੂਫੀਆਂ ਦਾ ਸੀ। ਪਰ ਗੁਰੂ ਸਾਹਿਬਾਨ ਤੇ ਫਰੀਦ ਵਰਗੇ ਅਸਲ ਸੂਫੀਆਂ ਦੀ ਗੱਲ ਦੇ ਮੂਲ ਵਿਚ ਕੋਈ ਫਰਕ ਨਹੀਂ। ਸਾਡਾ ਇਹ ਕਹਿਣਾ ਉਨ੍ਹਾਂ ਲੋਕਾਂ ਨੂੰ ਹੀ ਗ਼ਲਤ ਤੇ ਅਜੀਬ ਲਗੇਗਾ ਜੋ ਗੁਰਬਾਣੀ ਦਾ ਮੁਹਾਵਰਾ ਨਹੀਂ ਸਮਝਦੇ। ਪਰ ਗੁਰਬਾਣੀ ਦਾ ਮੁਹਾਵਰਾ ਸਮਝਿਆਂ, ਜ਼ਰਾ ਗਹੁ ਨਾਲ ਵੇਖਿਆਂ ਸਾਡੇ ਕਹਿਣ ਦੀ ਸੱਚਾਈ ਸਪੱਸ਼ਟ ਹੋ ਜਾਂਦੀ ਹੈ।

ਉਸ ਸਮਾਜ ਵਿਚ ਔਰਤ ਦੋਹਰੀ ਗ਼ੁਲਾਮ ਸੀ। ਪੂਰਨ ਤੌਰ 'ਤੇ ਗ਼ੁਲਾਮ ਸੀ। ਉਸ ਦੀ ਹਾਲਤ ਐਸੀ ਤਰਸਯੋਗ ਸੀ ਕਿ ਜੇ ਉਹ ਆਪਣੇ ਵਿਆਂਦੜ ਨੂੰ ਨਾ ਭਾਵੇ ਜਾਂ ਆਪਣੇ ਖਸਮ ਦੇ ਮਨੋਂ ਲੱਥ ਜਾਵੇ ਤਾਂ ਉਸ ਦੀ ਪੇਕੇ ਵੀ ਢੋਈ ਨਹੀਂ ਸੀ। "ਸਾਹੁਰੈ ਢੋਈ ਨਾ ਲਹੈ ਪੇਈਐ ਨਾ ਹੀ ਥਾਉ।" ਮਤਲਬ ਹੈ ਕਿ ਉਸ ਸਮਾਜ ਵਿਚ ਪਤੀ ਅੱਗੇ ਪੂਰਨ ਅਧੀਨਗੀ ਵਿਚ ਹੀ ਔਰਤ ਦੀ ਗਤੀ ਸੀ। ਗੁਰਬਾਣੀ ਆਪਣੇ ਰੱਬ ਅਗੇ ਮਨੁਖ ਦੀ ਉਸ ਤਰ੍ਹਾਂ ਦੀ ਪੂਰਨ ਅਧੀਨਗੀ ਵਿਚ ਹੀ ਉਸ ਦੀ ਗਤੀ ਦਸਦੀ ਹੈ। ਮਨੁਖ ਨੂੰ ਆਪਣੇ ਰਬ ਅੱਗੇ ਪੂਰਨ ਤੌਰ 'ਤੇ ਅਧੀਨ ਕਰਵਾਉਂਦੀ ਹੈ। ਚੂੰਕਿ ਉਸ ਸਮਾਜ ਵਿਚ ਔਰਤ ਗੁਲਾਮ ਸੀ ਅਤੇ ਆਪਣੇ ਪਤੀ ਅਗੇ ਪੂਰਨ ਅਧੀਨਗੀ ਨਾਲ ਦੋਹਰੀ ਗ਼ੁਲਾਮ ਹੁੰਦੀ ਸੀ ਸੋ ਜੋ ਲੋਕ ਗੁਰਬਾਣੀ ਦੇ ਰਬ ਦੀ ਵਸਤੂ ਨਹੀਂ ਸਮਝਦੇ ਉਹ ਲੋਕ ਗੁਰਬਾਣੀ ਦੇ ਮਨੁਖ ਨੂੰ ਰੱਬ ਅਗੇ ਪੂਰਨ ਤੌਰ 'ਤੇ ਅਧੀਨ ਕਰਵਾਉਣ ਨੂੰ ਇਹ ਸਮਝਦੇ ਹਨ ਕਿ ਗੁਰਬਾਣੀ ਮਨੁਖ ਨੂੰ ਗ਼ੁਲਾਮੀ ਸਿਖਾਉਂਦੀ ਹੈ। ਉਸ ਨੂੰ ਗ਼ੁਲਾਮ ਬਣਾਉਂਦੀ ਹੈ ਜਿਸ ਤਰ੍ਹਾਂ ਉਸ ਵੇਲੇ ਇਸਤਰੀ ਗੁਲਾਮ ਸੀ। ਮੈਂ ਇਸ ਨੁਕਤੇ ਬਾਬਤ ਅਗੇ ਵੀ ਬਹੁਤ ਵੇਰ ਲਿਖ ਚੁਕਾ ਹਾਂ।

ਸਵਾਲ ਇਹ ਹੈ ਕਿ ਗੁਰਬਾਣੀ ਕੈਸੇ ਰਬ ਦੇ ਅਧੀਨ ਕਰਵਾਉਂਦੀ ਹੈ ? ਗੁਰਬਾਣੀ ਦਾ ਰਬ ਇਸ਼ਕ ਦਾ, ਸਰਬਤ ਦੀ ਆਜ਼ਾਦੀ ਦਾ ਸਰੂਪ ਹੈ। ਸਦਾ ਰਹਿਣ ਵਾਲਾ ਸੱਚ ਹੈ। ਸੱਚ ਦੇ ਅਧੀਨ ਹੋਣ ਦਾ ਮਤਲਬ ਸੱਚ ਦਾ, ਆਜ਼ਾਦੀ ਦਾ, ਇਸ਼ਕ ਦਾ ਸਰੂਪ ਹੋਣਾ ਹੈ। ਇਸ ਵਿਚ ਹੀ ਮਨੁਖ ਦੀ ਸਫ਼ਲਤਾ, ਉਸ ਦੀ ਆਜ਼ਾਦੀ, "ਜਿਨਿ ਮਾਣਸ ਤੇ ਦੇਵਤੇ ਕੀਏ" ਹੈ। ਜੇ ਮਨੁਖ ਗੁਰਬਾਣੀ ਦੇ ਰਬ ਦੇ ਅਧੀਨ ਨਹੀਂ ਹੋਵੇਗਾ ਤਾਂ ਉਸ ਦੀ ਦਸ਼ਾ ਕੀ ਹੋਵੇਗੀ ? ਉਹ ਮਾਇਆ ਦੇ ਬੰਧਨ ਵਿਚ ਰਹੇਗਾ। ਗੁਲਾਮ ਰਹੇਗਾ। ਉਸ ਦੀ ਉਹ ਹੀ ਤਰਸਯੋਗ ਹਾਲਤ ਰਹੇਗੀ ਜੋ ਉਸ ਸਮਾਜ ਵਿਚ ਆਪਣੇ ਖਸਮ ਦੇ ਮਨੋਂ ਲਥੀ, ਛੁਟੜ ਔਰਤ ਦੀ ਸੀ। ਸੋ ਗੁਰਬਾਣੀ ਮਨੁਖ ਨੂੰ ਰਬ ਦੇ ਅਧੀਨ ਕਰਵਾ ਕੇ ਉਸ ਨੂੰ ਆਜ਼ਾਦ ਕਰਾਉਂਦੀ ਹੈ। (ਚਲਦਾ)

---

**ਨੋਟ :** ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ



## ਕਾਤਰਾਂ

■ **ਚੋਣਾਂ...ਆਸ...ਬੇਵਸਾਹੀ :** ਅਮਰੀਕਾ ਵਿਚ ਪਰਧਾਨ ਦੀ ਚੋਣ ਨਵੰਬਰ ਵਿਚ ਹੋ ਰਹੀ ਹੈ। ਉਥੇ "ਸਿਆਣਿਆਂ" ਨੂੰ ਇਹ ਫਿਕਰ ਨਹੀਂ ਕਿ ਕਿਹੜਾ ਪਰਧਾਨ ਚੁਣਿਆ ਜਾਂਦਾ ਹੈ ਜਾਂ ਕਿਹੜੇ ਦੀ ਹਾਰ ਹੁੰਦੀ ਹੈ। ਜਿਹੜੀ ਚੀਜ਼ ਉਹਨਾਂ ਨੂੰ ਵਢ ਵਢ ਖਾ ਰਹੀ ਹੈ ਉਹ ਹੈ ਉਥੋਂ ਦੇ ਲੋਕਾਂ ਦੀ ਚੋਣਾਂ ਵਲ ਵਧਦੀ ਬੇਪ੍ਰਵਾਹੀ, ਅਲਗਰਜ਼ੀ, ਬੇਵਾਸਤਗੀ। ਉਥੋਂ ਦੀ ਪ੍ਰਸਿਧ "ਹਾਰਟ ਇੰਸਟੀਚਿਊਟ" ਨੇ ਪਬਲਿਕ ਰਾਏ ਦਾ ਸਰਵੇ ਕੀਤਾ ਹੈ। ਇਸ ਸਰਵੇ ਤੋਂ ਅੰਦਾਜ਼ਾ ਲਗਿਆ ਹੈ ਕਿ ਤਕਰੀਬਨ ਪੰਜਾਹ ਫੀ ਸਦੀ ਵੋਟਰ ਇਹਨਾਂ ਚੋਣਾਂ ਵਿਚ ਭਾਗ ਨਹੀਂ ਲੈਣਗੇ। ਸਿਰਫ਼ ਗਰੀਬ ਤੇ ਅਨਪੜ੍ਹ ਵੋਟਰ ਹੀ ਚੋਣਾਂ ਤੋਂ ਦੂਰ ਨਹੀਂ ਨੱਸ ਰਹੇ, ਬਲਕਿ ਖਾਂਦੇ ਪੀਂਦੇ ਤਬਕਿਆਂ ਦੇ ਪੜ੍ਹੇ ਲਿਖੇ ਲੋਕ ਵੀ ਚੋਣਾਂ ਵਲੋਂ ਅਲਗਰਜ਼ੀ ਦਿਖਾ ਰਹੇ ਹਨ। ਇਹ ਬੇਪ੍ਰਵਾਹੀ ਸਮਾਜ ਦੇ ਸਭ ਤਬਕਿਆਂ ਵਿਚ ਘਰ ਕਰ ਗਈ ਹੈ। ਖ਼ਾਸ ਤੌਰ 'ਤੇ 18 ਤੋਂ 34 ਸਾਲ ਦੀ ਉਮਰ ਦੇ ਨੌਜੁਆਨਾਂ ਤੇ ਮੁਟਿਆਰਾਂ ਵਿਚ ਚੋਣਾਂ ਵਲੋਂ ਬੇਪ੍ਰਵਾਹੀ ਦਾ ਰੁਹਝਾਣ ਬਿਲਕੁਲ ਪ੍ਰਤੱਖ ਹੈ। ਜਿੰਨਾ 1972 ਦੀਆਂ ਚੋਣਾਂ ਵਿਚ ਆਪਣੀਆਂ ਵੋਟਾਂ ਪਾਈਆਂ ਵੀ ਸਨ, ਉਹ ਵੀ ਹੁਣ ਬੂਥਾਂ ਵਲ ਮੂੰਹ ਨਹੀਂ ਕਰਨਗੇ। ਬਸ ਇਹੋ ਗੱਲ ਉਥੋਂ ਦੇ "ਸਿਆਣਿਆਂ" ਨੂੰ ਅੰਦਰੋਂ ਅੰਦਰ ਵਢ ਵਢ ਖਾ ਰਹੀ ਹੈ : ਜੇ ਲੋਕਾਂ ਚੋਣਾਂ ਵਲੋਂ ਮੂੰਹ ਮੋੜ ਲਿਆ ਤਾਂ ਇਸ ਰਾਜਨੀਤਕ-ਆਰਥਕ-ਸਮਾਜਕ ਢਾਂਚੇ ਦਾ ਕੀ ਬਣੇਗਾ ਜਿਹੜਾ ਕਿ ਚੋਣਾਂ 'ਤੇ ਹੀ ਖੜਾ ਹੈ ? ਚੋਣਾਂ ਹੀ ਤਾਂ ਲੋਕਾਂ ਨੂੰ ਦਸਦੀਆਂ ਹਨ ਕਿ ਰਾਜ ਤੁਹਾਡਾ ਹੈ ਕਿਉਂਕਿ ਤੁਹਾਡੀਆਂ ਵੋਟਾਂ ਨਾਲ ਇਹ ਹਕੂਮਤ ਬਣੀ ਹੈ, ਇਸ ਲਈ ਇਹ ਹਕੂਮਤ ਤੁਹਾਡੀ ਹੈ। ਚੋਣਾਂ ਇਸ ਹਕੂਮਤ 'ਤੇ ਹਲਾਲੀਅਤ ਦੀ ਮੁਹਰ ਹਨ।

ਪੰਜਾਬੀ ਵਿਚ ਊਠ ਦੇ ਪਿਛੇ ਪਿਛੇ ਗਿੱਦੜ ਦੇ ਤੁਰਣ ਦੀ ਕਹਾਵਤ ਹੈ। ਅੰਗਰੇਜ਼ੀ ਵਿਚ ਡਾਂਗ ਦੇ ਸਿਰੇ 'ਤੇ ਬਧੀ ਗਾਜਰ ਦੀ ਕਹਾਵਤ ਹੈ। ਚੋਣਾਂ ਰਾਹੀਂ ਆਪਣੀ ਹਕੂਮਤ ਬਣਾ ਲੈਣ ਦੀ ਆਸ ਲੋਕਾਂ ਲਈ ਉਸ ਤਰ੍ਹਾਂ ਦੀ ਹੀ ਆਸ ਹੈ ਜਿਸ ਤਰ੍ਹਾਂ ਦੀ ਊਠ ਦੇ ਬੁਲ੍ਹ ਨੂੰ ਪਾ ਲੈਣ ਦੀ ਗਿਦੜ ਦੀ ਆਸ ਤੇ ਜਾਂ ਗਾਜਰ ਨੂੰ ਬੁਰਕ ਮਾਰ ਲੈਣ ਦੀ ਖੋਤੇ ਦੀ ਆਸ !!

"ਵੱਡਾ" ਆਦਮੀ ਆਪਣੇ ਹਲਕੇ ਦੀ ਵਸੋਂ ਦੇ ਘਰੋ ਘਰੀ ਜਾਂਦਾ ਹੈ...ਆਪਣੇ ਲਈ ਵੋਟਾਂ ਮੰਗਣ। ਉਹ ਹਲੀਮੀ ਦਾ ਪੁਤਲਾ ਹੈ, ਉਸ ਦੀ ਮੁਸਕਰਾਹਟ ਉਸ ਦੇ ਕੰਨਾਂ ਤਕ ਖੁਲ੍ਹਦੀ ਹੈ। ਉਸ ਨੂੰ ਪਬਲਿਕ ਨਾਲ ਕਈ ਵਹਿਦੇ ਵੀ ਕਰਨੇ ਪੈਂਦੇ ਹਨ। ਉਸ ਨੂੰ ਵੋਟਾਂ ਪੈਂਦੀਆਂ ਹਨ। ਉਹ ਚੁਣਿਆ ਜਾਂਦਾ ਹੈ। ਉਹ ਹਕੂਮਤ ਕਰਦਾ ਹੈ; ਉਸ ਦੀ ਰਹਾਇਸ਼ ਰਾਜਧਾਨੀ ਦੇ ਕਿਸੇ ਬੰਗਲੇ ਵਿਚ ਹੁੰਦੀ ਹੈ। ਪਬਲਿਕ ਪੰਜ ਸਾਲ ਉਸ ਦੀ ਉਡੀਕ ਵਿਚ ਆਪਣੇ ਘਰ ਬੈਠਦੀ ਹੈ। ਉਹ ਫਿਰ ਆਉਂਦਾ ਹੈ — ਹਲੀਮੀ ਦੀ ਮੂਰਤ, ਕੰਨਾਂ ਤਕ ਮੁਸਕਰਾਉਂਦਾ ਹੋਇਆ, ਹਸੂੰ ਹਸੂੰ ਕਰਦਾ ਬਾਵਾ...

ਪਬਲਿਕ ਉਤੇ ਹਕੂਮਤ ਕਰਨ ਲਈ ਰਾਜ-ਪ੍ਰਬੰਧ ਹੈ — ਪਟਵਾਰੀ ਪਿਆਦੇ ਤੋਂ ਲੈ ਕੇ

ਕਮਿਸ਼ਨਰ ਤਕ, ਮਨਿਸਟਰੀਆਂ ਤਕ। ਪਬਲਿਕ ਦੀ ਵੋਟ ਨਾਲ ਚੁਣਿਆ ਨੁਮਾਇੰਦਾ ਪਬਲਿਕ ਦਾ ਸੇਵਾਦਾਰ ਹੈ। ਉਧ ਦਾ ਕੰਮ ਹੋਣਾ ਚਾਹੀਦਾ ਹੈ ਪਬਲਿਕ ਦੇ ਹਿੱਤਾਂ ਨੂੰ ਮੁਖ ਰਖ ਕੇ ਕਾਨੂੰਨ ਆਦਿ ਬਣਾਵੇ ਅਤੇ ਰਾਜ-ਪ੍ਰਬੰਧ ਦੇ ਪੁਰਜ਼ਿਆਂ ਦੀ ਧੌਣ 'ਤੇ ਗੋਡਾ ਦੇ ਕੇ ਉਹਨਾਂ ਕੋਲੋਂ ਉਹਨਾਂ ਕਾਨੂੰਨ-ਕਾਇਦਿਆਂ ਮੁਤਾਬਿਕ ਕੰਮ ਕਰਵਾਵੇ...ਪਰ ਉਹ ਕਰਦਾ ਹੈ ਇਸ ਦੇ ਉਲਟ। ਉਹ ਆਪ ਹਕੂਮਤ ਬਣ ਬੈਠਦਾ ਹੈ। ਉਹ ਰਾਜ-ਪ੍ਰਬੰਧ ਦੇ ਪੁਰਜ਼ਿਆਂ ਰਾਹੀਂ ਲੋਕਾਂ ਦੀ ਧੌਣ 'ਤੇ ਗੋਡਾ ਰਖਦਾ ਹੈ...ਚਾਹੀਦਾ ਤਾਂ ਇਹ ਹੈ ਕਿ ਵੋਟਾਂ ਮੰਗਣ ਆਉਣ ਵਾਲਾ ਹਲੀਮੀ ਦਾ ਪੁਤਲਾ ਤੇ ਕੰਨਾਂ ਤਕ ਮੁਸਕਰਾਉਂਦਾ ਹਸੂੰ ਹਸੂੰ ਕਰਦਾ ਬਾਵਾ, ਚੋਣਾਂ 'ਚ ਸਫਲ ਹੋ ਜਾਣ ਤੋਂ ਪਿਛੋਂ, ਆਪਣੇ ਹਲਕੇ ਦੇ ਸੌ ਸੌ ਘਰਾਂ ਵਿਚ ਹਰ ਰੋਜ਼ ਜਾਵੇ, ਉਹਨਾਂ ਦਾ ਦੁਖ ਸੁਖ ਪੁਛੇ ਅਤੇ ਰਾਜ-ਪ੍ਰਬੰਧ ਦੇ ਪੁਰਜ਼ਿਆਂ ਦੀਆਂ ਟਿਬਰੀਆਂ ਕੱਸੇ। ਉਹਨੂੰ ਆਪਣੇ ਹਲਕੇ ਦੇ ਲੋਕਾਂ ਦੀਆਂ ਤਕਲੀਫ਼ਾਂ, ਸਧਰਾਂ, ਤਾਂਘਾਂ ਦਾ ਪਤਾ ਹੋਵੇ ਅਤੇ ਗੁੰਡਿਆਂ ਦਾ ਅਤੇ ਸ਼ਰੀਫ਼ਾਂ ਦਾ ਵੀ ਗਿਆਨ ਹੋਵੇ। ਲੋਕਾਂ ਲਈ ਉਹ ਪਬਲਿਕ ਦਾ ਸੇਵਾਦਾਰ ਹੋਵੇ ਅਤੇ ਰਾਜ-ਪ੍ਰਬੰਧ ਦੇ ਪੁਰਜ਼ਿਆਂ ਲਈ ਉਹ ਹਕੂਮਤ ਦਾ ਪ੍ਰਤੀਨਿਧ। ਆਪਣੇ ਹਲਕੇ ਵਿਚ ਹੋਈ ਹਰ ਵਾਰਦਾਤ ਦੀ ਉਸ ਨੂੰ ਜਾਣਕਾਰੀ ਹੋਵੇ ਅਤੇ ਉਸ ਦੇ ਬਿਆਨ ਨੂੰ ਹਰ ਥਾਂ ਸੱਚ ਮੰਨਿਆ ਜਾਵੇ। ਇਹ ਸੇਵਾਦਾਰ ਹਰ ਵੇਲੇ ਜਨਤਾ ਦੇ ਪਿਛੇ ਪਿਛੇ ਫਿਰਨਾ ਚਾਹੀਦਾ ਹੈ ਇਸ ਡਰੋਂ ਕਿ ਕਿਤੇ ਜਨਤਾ ਉਸ ਨੂੰ ਇਸ ਪਦਵੀ ਤੋਂ ਹਟਾ ਨਾ ਦੇਵੇ ..ਨਾ ਕਿ ਹੁਣ ਵਾਲੀ ਅਵਸਥਾ ਹੋਣੀ ਚਾਹੀਦੀ ਹੈ ਕਿ ਜਨਤਾ ਪੰਜ ਸਾਲ ਉਸ ਨੂੰ ਉਡੀਕੇ ਕਿ ਉਹ ਕਦ ਰਾਜਧਾਨੀਉਂ ਆ ਕੇ ਉਹਨਾਂ ਨੂੰ ਮੁੜ ਆਪਣਾ ਕੰਨਾਂ ਤਕ ਮੁਸਕਰਾਉਂਦਾ ਚਿਹਰਾ ਵਿਖਾਉਂਦਾ ਹੈ।

ਹਾਰਟ ਇੰਸਟੀਚਿਊਟ ਦੇ ਸਰਵੇ ਨੇ ਦਸਿਆ ਹੈ ਕਿ 68 ਫ਼ੀ ਸਦੀ ਵੋਟਰਾਂ ਨੇ ਚੋਣਾਂ ਵਲ ਬੇਵਸਾਹੀ ਵਿਖਾਈ ਹੈ ਕਿਉਂਕਿ ਚੁਣੇ ਗਏ ਨੁਮਾਇੰਦੇ ਪਬਲਿਕ ਨਾਲ ਕੀਤੇ ਆਪਣੇ ਵਚਨ ਪੂਰੇ ਨਹੀਂ ਕਰਦੇ। 55 ਫ਼ੀ ਸਦੀ ਨੇ ਕਿਹਾ ਕਿ ਸਭ ਬਕਵਾਸ, ਕੋਈ ਫ਼ਾਇਦਾ ਨਹੀਂ ਭਾਵੇਂ ਕੋਈ ਪਰਧਾਨ ਚੁਣਿਆ ਜਾਵੇ। 51 ਫ਼ੀ ਸਦੀ ਨੇ ਕਿਹਾ ਕਿ ਵਾਟਰਗੇਟ ਸਾਬਿਤ ਕਰ ਦਿਤਾ ਹੈ ਕਿ ਸਭ ਆਪਣਾ ਹੀ ਉਲੂ ਸਿੱਧਾ ਕਰਨਾ ਚਾਹੁੰਦੇ ਹਨ। ਨੌਜੁਆਨਾਂ ਨੇ ਕਿਹਾ ਕਿ ਦੇਸ਼ ਦੀਆਂ ਦੋਹਾਂ ਵੱਡੀਆਂ ਪਾਰਟੀਆਂ ਵਿਚੋਂ ਕੋਈ ਵੀ ਕੁਝ ਕਰ ਸਕਣ ਦੇ ਯੋਗ ਨਹੀਂ ਹੈ। ਆਮ ਵੋਟਰਾਂ ਨੇ ਕਿਹਾ ਕਿ ਚੋਣਾਂ ਨਾਲ ਨਾ ਮਹਿੰਗਾਈ ਹਟਦੀ ਹੈ, ਨਾ ਬੇਰੁਜ਼ਗਾਰੀ ਤੇ ਨਾ ਸਮਾਜ ਵਿਚ ਫੈਲੀ ਬਦਅਮਨੀ ਤੇ ਗੁੰਡਾਗਰਦੀ ਹੀ।

ਅਮਰੀਕਾ ਦੇ "ਸਿਆਣਿਆਂ" ਨੂੰ ਹੁਣ ਡਰ ਇਹ ਮਾਰ ਰਿਹਾ ਹੈ ਕਿ ਜੇ ਲੋਕਾਂ ਦਾ ਚੋਣਾਂ ਦੇ ਸਿਸਟਮ ਵਿਚੋਂ ਵਿਸ਼ਵਾਸ ਹੀ ਉਠ ਗਿਆ, ਤਾਂ ਉਹਨਾਂ ਦੇ ਇਸ ਢਾਂਚੇ ਦਾ ਕੀ ਬਣੇਗਾ ਜਿਹੜਾ ਚੋਣਾਂ ਦੇ ਪਾਖੰਡ ਉਤੇ ਖੜਾ ਹੈ। ਚੋਣਾਂ ਰਾਹੀਂ ਆਪਣੀ ਕਿਸਮਤ ਬਦਲ ਲੈਣ ਦੀ ਆਸ ਭਾਵੇਂ ਜਨਤਾ ਲਈ ਝੂਠੀ ਜਿਹੀ ਸੀ, ਪਰ ਆਸ ਤਾਂ ਸੀ ਹੀ ਨਾ!

■ ਧਨਵਾਨ ਲੋਕ ਅਤੇ ਕਾਮੇ ਕਿਰਤੀ, ਦੋਵੇਂ ਹੀ ਮਨੁਖਤਾ ਨਾਲੋਂ ਵਿਜੋਗੇ ਹੁੰਦੇ ਹਨ। ਧਨਵਾਨ ਇਸ ਸਵੈ-ਵਿਜੋਗ ਵਿਚ ਸਥਾਪਤ ਤੇ ਤ੍ਰਿਪਤ ਦਿਸਦੇ ਹਨ। ਇਸ ਵਿਜੋਗ ਵਿਚੋਂ ਉਹਨਾਂ ਨੂੰ ਆਪਣੀ ਤਾਕਤ ਦੀ ਗੁਆਹੀ ਮਿਲਦੀ ਹੈ, ਉਹਨਾਂ ਨੂੰ ਲਗਦਾ ਕਿ ਉਹ ਮਨੁਖੀ ਜੀਵਨ ਨਾਲ ਮਿਲਦਾ ਜੁਲਦਾ ਕੋਈ ਜੀਵਨ ਜੀਊ ਰਹੇ ਹਨ। ਕਾਮਿਆਂ-ਕਿਰਤੀਆਂ ਨੂੰ ਇਸ ਵਿਜੋਗ ਵਿਚੋਂ ਆਪਣੀ ਤਬਾਹੀ ਦਾ ਅਹਿਸਾਸ ਹੁੰਦਾ ਹੈ ਅਤੇ ਆਪਣੀ ਨਿਰਬਲਤਾ ਤੇ ਆਪਣੇ ਪਸ਼ੂ-ਜੀਵਨ ਦੀ ਅਸਲੀਅਤ ਦਾ ਪਤਾ ਲਗਦਾ ਹੈ।

— ਮਾਰਕਸ



■ਮਾਓ-ਜ਼ੇ-ਤੁੰਗ — ਜੀਵਨ ਤੇ ਵਿਚਾਰ : (ਸੁਰਜੀਤ ਹਾਂਸ ਦੇ ਲੇਖ ਵਿਚੋਂ ਕੁਝ ਟੁਕੜੀਆਂ)

1937 ਵਿਚ ਚੀਨ-ਜਾਪਾਨ ਲੜਾਈ ਛਿੜ ਪਈ। ਜਾਪਾਨ ਨੇ ਚੀਨ ਦੇ ਬਹੁਤ ਸਾਰੇ ਇਲਾਕੇ 'ਤੇ ਕਬਜ਼ਾ ਕਰ ਲਿਆ, ਪਰ ਮਾਓ ਦੇ ਦਸਤੇ ਜਾਪਾਨੀ ਫ਼ੌਜਾਂ ਦੇ ਪਿੱਛੇ 'ਆਜ਼ਾਦ ਇਲਾਕੇ' ਬਣਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਸਨ। ਹੁਣ ਪਾਰਟੀ ਦੇ ਵਰਕਰ ਕਿਸਾਨਾਂ ਵਿਚ, ਕਿਸਾਨਾਂ ਵਾਂਗੂ, ਕਿਸਾਨਾਂ ਨਾਲ ਰਲ ਕੇ ਲੜ ਰਹੇ ਸਨ ਜਿਸ ਦੇ ਕਾਰਨ ਪਾਰਟੀ ਦੀਆਂ ਲਿਖਤਾਂ, ਬੋਲ ਚਾਲ ਅਤੇ ਕੰਮ ਕਰਨ ਦਾ ਢੰਗ ਰੂਸ-ਮੁਖੀ ਨਾ ਰਿਹਾ। ਇਸ ਨਾਲ ਪਾਰਟੀ ਦੇ ਮਾਰਕਸਵਾਦ ਦੀ ਚੀਨਕਾਰੀ (sinification) ਹੋ ਗਈ।

ਏਸ ਸਮੇਂ ਮਾਓ ਦੀਆਂ ਦੋ ਮਹਾਨ ਰਚਨਾਵਾਂ ਪੈਦਾ ਹੋਈਆਂ। ਇਕ ਹੈ 'ਨਵੀਂ ਜਮਹੂਰੀਅਤ'। ਇਸ ਕਿਤਾਬ ਦੇ ਕਈ ਐਡੀਸ਼ਨ 'ਅਵੱਮੀ ਜਮਹੂਰੀਅਤ' ਦੇ ਨਾਉਂ ਥੱਲੇ ਵੀ ਛਪੇ ਸਨ। ਇਸ ਰਚਨਾ ਸਦਕਾ ਮਾਓ ਨੂੰ 20ਵੀਂ ਸਦੀ ਦਾ ਮਹਾਨ ਮਾਰਕਸਵਾਦੀ ਚਿੰਤਕ ਕਿਹਾ ਜਾਂਦਾ ਹੈ। ਇਸ ਦਾ ਮੁੱਖ ਸਿਧਾਂਤ ਇਹ ਹੈ ਕਿ ਪਛੜੇ ਬਸਤੀਵਾਦ-ਪੀੜਤ ਦੇਸਾਂ ਵਿਚ ਬੁਰਜਵਾ ਜਮਹੂਰੀ ਇਨਕਲਾਬ ਨਵੀਂ ਕਿਸਮ ਦਾ ਹੋਵੇਗਾ। ਪਛੜੇ ਦੇਸ਼ ਦੀ ਬੁਰਜਵਾਜ਼ੀ ਦੀ ਮਾਤ-ਬੁਰਜਵਾਜ਼ੀ ਸਾਮਰਾਜੀ ਦੇਸ਼ ਵਿਚ ਬੈਠੀ ਹੁੰਦੀ ਹੈ ਜਿਸ ਕਰਕੇ ਪਛੜੇ ਦੇਸ਼ ਦੀ ਬੁਰਜ਼ਵਾਜ਼ੀ ਨੂੰ ਦੇਸ਼ ਦੀ ਆਜ਼ਾਦੀ ਦਾ ਉਕਰ ਘੱਟ ਪਰ ਦੇਸੀ ਮਜ਼ਦੂਰ ਦੇ ਸਮਾਜਵਾਦੀ ਇਨਕਲਾਬ ਦਾ ਡਰ ਜ਼ਿਆਦਾ ਹੁੰਦਾ ਹੈ ਜਿਸ ਕਰਕੇ ਕੌਮੀ ਬੁਰਜ਼ਵਾਜ਼ੀ ਲੋਕ-ਲਹਿਰ ਨੂੰ ਉਤਸ਼ਾਹ ਦੇਣ ਦੀ ਥਾਂ ਇਸ ਨੂੰ ਰੋਕ ਕੇ ਰੱਖਣਾ ਚਾਹੁੰਦੀ ਹੈ। ਸੋ ਦੇਸ਼ ਦੀ ਆਜ਼ਾਦੀ ਦੀ ਜ਼ਿੰਮਾਦਾਰੀ ਕੌਮੀ ਬੁਰਜ਼ਵਾਜ਼ੀ ਤੇ ਨਹੀਂ ਸੁੱਟੀ ਜਾ ਸਕਦੀ ਸਗੋਂ ਪ੍ਰੋਲਤਾਰੀ ਪਾਰਟੀ ਹੀ ਬੁਰਜਵਾ ਜਮਹੂਰੀ ਇਨਕਲਾਬ ਲਿਆ ਸਕੇਗੀ ਅਤੇ ਇਹ ਜਮਹੂਰੀ ਇਨਕਲਾਬ ਪ੍ਰੋਲਤਾਰੀ ਸਮਾਜਵਾਦੀ ਇਨਕਲਾਬ ਦਾ ਹਿੱਸਾ ਹੀ ਹੋਵੇਗਾ। ਇੰਝ ਪ੍ਰੋਲਤਾਰੀ ਇਨਕਲਾਬ ਨਾਲ ਹੀ ਬੁਰਜਵਾ ਜਮਹੂਰੀ ਇਨਕਲਾਬ ਦੇ ਫ਼ਰਜ਼ ਪੂਰੇ ਕੀਤੇ ਜਾਣਗੇ ਜਿਹੜੇ ਹਨ (1) ਦੇਸ਼ ਦੀ ਆਜ਼ਾਦੀ, (2) ਜਾਗੀਰਦਾਰੀ ਦਾ ਖ਼ਾਤਮਾ (3) ਅਤੇ ਸਨਅਤੀ ਤਰੱਕੀ।

ਭਾਵੇਂ ਮਾਰਕਸ ਵਿਚ ਇਕ ਦੋ ਥਾਵਾਂ ਤੇ ਬੁਰਜਵਾ ਅਤੇ ਪ੍ਰੋਲਤਾਰੀ ਇਨਕਲਾਬਾਂ ਦੇ ਇਕੱਠੇ ਹੋਣ ਦਾ ਜ਼ਿਕਰ ਹੈ ਅਤੇ ਰੂਸੀ ਕਮਿਊਨਿਸਟ ਵੀ 1905 ਅਤੇ 1917 ਵਿਚ ਆਪਣੀਆਂ ਰਾਵਾਂ ਬਦਲਦੇ ਰਹੇ ਸਨ, ਪਰ ਆਮ ਤੌਰ ਤੇ ਇਹੀ ਸਮਝਿਆ ਜਾਂਦਾ ਸੀ ਕਿ ਪ੍ਰੋਲਤਾਰੀ ਇਨਕਲਾਬ ਨੇ ਬੁਰਜਵਾ ਇਨਕਲਾਬ ਤੋਂ ਕਾਫ਼ੀ ਦੇਰ ਬਾਅਦ ਆਉਣਾ ਹੈ। ਮਾਓ ਅਨੁਸਾਰ ਪਛੜੇ ਬਸਤੀਵਾਦੀ ਦੇਸ਼ਾਂ ਵਿਚ ਇਹ ਗੱਲ ਅਸੰਭਵ ਹੈ। ਇਸ ਸਿਧਾਂਤ ਦਾ ਰਾਜਨੀਤੀ ਤੇ ਸਿੱਧਾ ਅਸਰ ਪੈਂਦਾ ਹੈ — ਕੌਮੀ ਆਜ਼ਾਦੀ ਦੀ ਲੜਾਈ ਵਿਚ ਪ੍ਰੋਲਤਾਰੀ ਪਾਰਟੀ ਨੂੰ ਹੀ ਅਗਵਾਈ ਦੇਣੀ ਪੈਣੀ ਹੈ। ਹਿੰਦੁਸਤਾਨ ਦੀ ਪਾਰਟੀ ਤਾਂ ਕਾਂਗਰਸ ਨੂੰ ਅਗਵਾਈ ਦੇਣ ਦੀ ਥਾਂ ਕਾਂਗਰਸ ਦੇ ਪਿੱਛੇ ਚਲਦੀ ਰਹੀ ਜਿਸ ਦੇ ਕਾਰਨ ਹਿੰਦੁਸਤਾਨੀ ਮਜ਼ਦੂਰ ਜਮਾਤ ਦੀਆਂ ਪ੍ਰਾਪਤੀਆਂ ਊਣੀਆਂ ਰਹਿ ਗਈਆਂ।

ਜਿੱਥੇ ਕੌਮੀ ਆਜ਼ਾਦੀ ਦੀ ਲੜਾਈ ਬੁਰਜਵਾ ਝੰਡੇ ਥੱਲੇ ਲੜੀ ਗਈ ਹੈ ਉਹ ਦੇਸ਼ ਭਾਵੇਂ ਸਿਆਸੀ ਤੌਰ 'ਤੇ ਆਜ਼ਾਦ ਹਨ, ਪਰ ਉਹ ਸਾਮਰਾਜੀ ਨਵਬਸਤੀਵਾਦੀ ਆਰਥਕਤਾ ਦੇ ਚੁੰਗਲ 'ਚੋਂ ਨਿਕਲ ਨਹੀਂ ਸਕੇ। ਇਹਨਾਂ ਦੇਸ਼ਾਂ ਦੀ ਭੂਤ-ਪੂਰਬ ਸਾਮਰਾਜ ਉਤੇ ਬੌਧਿਕ ਸੰਸਕ੍ਰਿਤਿਕ ਨਿਰਭਰਤਾ ਉਂਝ ਦੀ ਉਂਝ ਕਾਇਮ ਹੈ, ਅਤੇ ਨਾ ਹੀ ਇਹ ਦੇਸ਼ ਜਾਗੀਰਦਾਰੀ ਰਿਸ਼ਤੇ ਖ਼ਤਮ ਕਰ ਸਕੇ ਹਨ (ਜਾਗੀਰਦਾਰੀ ਰਿਸ਼ਤਿਆਂ ਦਾ ਆਧਾਰ ਹੈ ਆਦਮੀ ਆਪਣੀ ਸਮਾਜੀ ਪੁਜ਼ੀਸ਼ਨ ਕਾਰਨ ਨੀਵੀਂ ਸਮਾਜੀ ਸਥਿਤੀ ਵਾਲੇ ਨੂੰ ਲੁੱਟਦਾ ਹੈ ਜਿਸ ਵਿਚ ਉਜਰਤ ਵਜੋਂ ਪੈਸੇ ਦਾ ਦਖ਼ਲ ਨਹੀਂ ਹੁੰਦਾ)। ਭਾਵੇਂ ਮਾਓ ਇਹ ਗੱਲ ਸਪੱਸ਼ਟ ਰੂਪ ਵਿਚ ਨਹੀਂ ਕਹਿੰਦਾ, ਪਰ ਇਹ ਨੁਕਤਾ ਗੁੱਝੇ ਤੌਰ 'ਤੇ ਉਹਦੇ ਸਿਧਾਂਤ ਵਿਚ ਸ਼ਾਮਿਲ ਹੈ ਅਤੇ ਇਸ ਦੀ ਪੁਸ਼ਟੀ ਏਸ਼ੀਆ-ਅਫ਼ਰੀਕਾ ਦਾ ਆਧੁਨਿਕ ਇਤਿਹਾਸ ਕਰਦਾ ਹੈ।

ਦੂਸਰੀ ਰਚਨਾ ਹੈ 'ਗੁਰੀਲਾ ਲੜਾਈ ਬਾਰੇ'! ਇਹ 'ਜਾਪਾਨ-ਵਿਰੋਧੀ ਜੱਦੋਜਹਿਦ ਦੇ ਕੁਝ ਪੱਖ' ਦੇ ਨਾਉਂ ਥੱਲੇ ਵੀ ਛਪੀ ਸੀ। ਇਸ ਰਚਨਾ ਰਾਹੀਂ ਮਾਓ ਅੱਜ ਦੇ ਯੁੱਗ ਦਾ ਸਭ ਤੋਂ ਵੱਡਾ ਫ਼ੌਜੀ ਚਿੰਤਕ ਸਿੱਧ ਹੁੰਦਾ ਹੈ। ਮਾਓ ਸਚੱਲ ਲੜਾਈ (Mobile Warfare) ਦਾ ਸਿਧਾਂਤਕ ਹੈ। ਉਹ ਗੁਰੀਲਾ ਲੜਾਈ ਰਾਹੀਂ ਕਮਜ਼ੋਰ ਲੋਕਾਂ ਨੂੰ ਬਲਵਾਨ ਦੁਸ਼ਮਣ ਨੂੰ ਢਾਹੁਣ ਦਾ ਰਾਹ

ਦਸਦਾ ਹੈ। 'ਜੇ ਅਸੀਂ ਇਕ ਹਾਂ ਅਤੇ ਦੁਸ਼ਮਣ ਦਸ ਦੇ ਬਰਾਬਰ ਹੈ ਤਾਂ ਦੁਸ਼ਮਣ ਸਮੁੱਚੇ ਤੌਰ ਤੇ ਤਕੜਾ ਹੈ ਪਰ ਸਾਨੂੰ ਦੱਸ ਹੋ ਕੇ ਅਤੇ ਦੁਸ਼ਮਣ ਨੂੰ ਇਕ ਕਰਕੇ ਆਂਸ਼ਿਕ ਤੌਰ 'ਤੇ ਦੁਸ਼ਮਣ ਨੂੰ ਮਾਰਨਾ ਚਾਹੀਦਾ ਹੈ। ਇਹ ਆਂਸ਼ਿਕ ਜਿੱਤਾਂ ਲਈ ਗੁਰੀਲੇ ਨੂੰ ਦਲੇਰ, ਸੱਚਲ ਅਤੇ ਵਿਸਰ-ਭੌਲੇ ਵਾਰ ਕਰਨ ਵਾਲਾ ਸਿਆਸੀ ਸੂਝ ਦਾ ਸਿਪਾਹੀ ਹੋਣਾ ਚਾਹੀਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਗੁਰੀਲਾ ਲੋਕਾਂ ਵਿਚ ਇੰਝ ਫਿਰੇ ਜਿਵੇਂ ਪਾਣੀ ਵਿਚ ਮੱਛੀ ਰਹਿੰਦੀ ਹੈ। ਸਿਆਸਤ ਲਹੂ-ਰਹਿਤ ਲੜਾਈ ਹੁੰਦੀ ਹੈ ਅਤੇ ਲੜਾਈ ਲਹੂ-ਲੁਹਾਨ ਦੀ ਸਿਆਸਤ ਹੁੰਦੀ ਹੈ। ਇਹ ਰਚਨਾ ਲੋਕਾਂ ਦੀ ਸਿਆਸਤ ਨੂੰ ਫੌਜੀ ਨਿਯਮਾਂ ਅਨੁਸਾਰ ਲੋਕ ਲੜਾਈ ਦੀ ਯੁੱਧ ਨੀਤੀ ਵਿਚ ਬਦਲਦੀ ਹੈ।

ਇਤਿਹਾਸਕਾਰ ਕਹਿੰਦੇ ਹਨ ਕਿ ਵਰਤਮਾਨ ਦੀ ਸਮਝ ਆਉਣ ਨਾਲ ਭੂਤਕਾਲ ਦੀ ਸਾਰ ਆ ਜਾਂਦੀ ਹੈ। ਇਸ ਰਚਨਾ ਦਾ ਗੰਭੀਰ ਅਧਿਐਨ ਸਾਨੂੰ 18ਵੀਂ ਸਦੀ ਦੇ ਸਿੰਘਾਂ ਬਾਰੇ ਬਹੁਤ ਕੁਝ ਦਸ ਸਕਦਾ ਹੈ।

'ਕਲਚਰਲ ਇਨਕਲਾਬ' ਦਾ ਮਤਲਬ ਅੱਵਾਮੀ ਲਾਈਨ 'ਤੇ ਚਲਣਾ, ਭਾਰੀ ਅਤੇ ਹਲਕੀ ਸਨਅਤ, ਅਤੇ ਖੇਤੀਬਾੜੀ ਨੂੰ ਇਕੋ ਸਮੇਂ ਪ੍ਰਫੁਲਤ ਕਰਨਾ ਹੈ। ਇਸ ਤਰ੍ਹਾਂ ਸਨਅਤਕਾਰੀ ਦਾ ਖੇਤੀਬਾੜੀ 'ਤੇ ਭਾਰ ਨਹੀਂ ਪੈਂਦਾ। ਇਸੇ ਤਰ੍ਹਾਂ ਆਧੁਨਿਕ, ਦਰਮਿਆਨੀ ਅਤੇ ਛੋਟੀ ਜੁਗਤ-ਵਿਦਿਆ ਨੂੰ ਇਕੋ ਸਮੇਂ ਪੈਦਾ ਕਰਨਾ। ਸਥਾਨਕ ਉਦਮ ਕੱਚੇ ਮਾਲ ਅਤੇ ਜਗਾਤ ਦੀ ਵੱਧ ਤੋਂ ਵੱਧ ਵਰਤੋਂ। ਛੋਟੇ ਕਾਰਖ਼ਾਨਿਆਂ ਦੀ ਭਾਰੀ ਗਿਣਤੀ ਸ਼ਹਿਰ ਅਤੇ ਪਿੰਡ ਦੀ ਵਿੱਥ ਨੂੰ ਘਟਾਉਂਦੀ ਹੈ। ਇਨ੍ਹਾਂ ਗੱਲਾਂ ਕਾਰਨ ਪਲਾਨ ਦਾ ਅਫ਼ਸਰਸ਼ਾਹੀ ਢਾਂਚੇ ਦਾ ਅਸਰ ਘਟਦਾ ਹੈ ਅਤੇ ਕੰਮ ਦੀਆਂ ਥਾਂਵਾਂ 'ਤੇ ਜਮਹੂਰੀ ਰਿਸ਼ਤੇ ਬਣੇ ਰਹਿੰਦੇ ਹਨ।

'ਅੱਗੇ ਨੂੰ ਵੱਡੀ ਛਾਲ' ਅਤੇ 'ਕਲਚਰਲ ਇਨਕਲਾਬ' ਸਮਾਜਵਾਦ ਦੀ ਕੇਂਦਰੀ ਸਮੱਸਿਆ ਨਾਲ ਸੰਬੰਧਤ ਹੈ। ਜਿੱਥੇ ਦੂਸਰੇ ਚਿੰਤਕ ਰੂਸ ਉਤੇ ਦੇ ਮਾਰੂ ਅਸਰ ਨੂੰ ਆਰਥਕ ਪਛੜੇਪਨ ਅਤੇ ਲੋਕ-ਸਮਰਥਨ ਦੀ ਘਾਟ ਦਾ ਨਤੀਜਾ ਦੱਸਦੇ ਸਨ, ਉਥੇ ਮਾਓ ਨੇ ਇਸ ਦਾ ਹੱਲ ਲੱਭਣ ਦਾ ਜਤਨ ਕੀਤਾ ਹੈ। ਇਸ ਉੱਦਮ ਦੀ ਵੀ ਸ਼ਾਇਦ 'ਨਵੀਂ ਜਮਹੂਰੀਅਤ' ਅਤੇ 'ਗੁਰੀਲਾ ਯੁੱਧ-ਨੀਤੀ' ਜਿੰਨੀ ਹੀ ਮਹੱਤਤਾ ਹੋਵੇ।

ਇਸ ਗੱਲ ਵਿਚ ਵੀ ਲੋਕ-ਚੀਨ ਦੇ ਇਤਿਹਾਸ ਨੇ ਮਾਓ ਦੇ ਚਿੰਤਨ ਦੀ ਮਦਦ ਕੀਤੀ ਹੈ। ਦੂਸਰੇ ਲਫ਼ਜ਼ਾਂ ਵਿਚ ਮਾਓ ਨੇ ਲੋਕ-ਲਹਿਰ ਦੀ ਪ੍ਰਾਪਤੀ ਨੂੰ ਹੀ ਸਿਧਾਂਤਿਕ ਰੂਪ ਦਿਤਾ ਹੈ। ਜਿਥੇ ਰੂਸੀ ਕਾਮਰੇਡਾਂ ਦਾ ਹਕੂਮਤ 'ਤੇ ਕਬਜ਼ਾ ਕਰਨ ਤੋਂ ਪਹਿਲਾਂ ਕੋਈ ਪ੍ਰਸਾਸ਼ਨੀ ਤਜਰਬਾ ਨਹੀਂ ਸੀ, ਉਥੇ ਖ਼ਾਨਾ ਜੰਗੀ ਸਮੇਂ ਚੀਨੀ ਪਾਰਟੀ ਨੂੰ ਲੰਮੇ ਚੌੜੇ ਇਲਾਕਿਆਂ ਉਤੇ ਹਕੂਮਤ, ਕਿਸਾਨੀ ਨਾਲ ਨੇੜੇ ਦੇ ਅਤੇ ਦੋਸਤਾਨਾ ਸੰਬੰਧਾਂ ਦਾ ਤਜਰਬਾ ਸੀ ਅਤੇ ਰੂਸੀ ਯੋਜਨਾਕਾਰੀ ਨਾਲ ਆਲੋਚਨਾਸ਼ੀਲ ਵਾਕਫ਼ੀਅਤ ਸੀ।

ਯੋਜਨਾਕਾਰੀ ਅਤੇ ਲੋਕ-ਉਭਾਰ ਦੇ ਕਾਰਨ ਸਾਧਾਰਨ ਚੀਨੀ ਨੂੰ ਅਜਿਹੀ ਆਜ਼ਾਦੀ ਮਿਲਦੀ ਹੈ ਜਿਹੜੀ ਦੁਨੀਆਂ ਵਿਚ ਬਹੁਤ ਘੱਟ ਨਜ਼ਰ ਆਉਂਦੀ ਹੈ। ਮੈਂ ਸਾਧਾਰਨ ਵਿਅਕਤੀ ਦੀ ਏਸ ਵਿਸ਼ੇਸ਼ ਆਜ਼ਾਦੀ ਨੂੰ ਖ਼ਾਹਮਖ਼ਾਹ ਪ੍ਰਗਟਾਵੇ ਅਤੇ ਵਿਚਾਰ ਦੀ ਆਜ਼ਾਦੀ ਨਾਲ ਨਹੀਂ ਰਲਾਉਣਾ ਚਾਹੁੰਦਾ। ਇਹ ਵਿਸ਼ੇਸ਼ ਆਜ਼ਾਦੀ ਹੈ ਕਿ ਮਨੁੱਖ ਆਪਣੇ ਕੰਮ ਵਿਚ ਸੁਤੰਤਰ ਹੈ। ਉਹ ਨਵੇਂ ਅਤੇ ਰਚਨਾਤਮਿਕ ਤਰੀਕੇ ਨਾਲ ਕੰਮ ਨੂੰ ਸੰਗੀ ਸਾਥੀਆਂ ਦੇ ਨਾਲ ਰਲ ਮਿਲ ਕੇ ਕਰ ਸਕਦਾ ਹੈ। ਉਹਦੇ ਲਈ ਕੰਮ ਜਬਰ, ਓਪਰੀ ਛੱਪ ਜਾਂ ਅ-ਮਾਨਵੀ ਹੋਂਦ ਨਹੀਂ ਹੈ ਸਗੋਂ ਕੰਮ ਉਹਦੀ ਮਨੁੱਖਤਾ ਦਾ ਪ੍ਰਗਟਾਵ ਹੈ। ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਵਿਚਾਰ ਆਦਿ ਦੀ ਆਜ਼ਾਦੀ ਵਾਲਿਆਂ ਨੂੰ ਵੀ ਕੰਮ ਦੀ ਆਜ਼ਾਦੀ ਨਹੀਂ ਹੈ। ਸਰਮਾਏਦਾਰੀ ਵਿਚ (ਅਤੇ ਪਰਸ਼ਾਸਨੀ ਸਮਾਜਵਾਦ ਵਿਚ ਵੀ) ਵੱਡੇ ਚਿੰਤਕ, ਸਰਕਾਰੀ ਆਦਮੀ ਅਤੇ ਦੂਰ-ਦਰਸ਼ੀ ਵਿਅਕਤੀ ਅਜਿਹੀਆਂ ਗੱਲਾਂ ਕੰਮ ਦੇ ਖੇਤਰ ਤੋਂ ਬਾਹਰ ਹੀ ਕਰਦੇ ਹਨ। ਉਹਨਾਂ ਦੀ ਆਜ਼ਾਦੀ ਵੀ ਵੰਚਿਤ ਮਨੁੱਖ ਦੀ ਆਜ਼ਾਦੀ ਹੈ ਪਰ ਕਲਚਰਲ ਇਨਕਲਾਬ ਵਾਲੇ ਸਾਧਾਰਨ ਵਿਅਕਤੀ ਦੀਆਂ ਮਜਬੂਰੀਆਂ ਵੀ ਯੁਕਤ ਸਮਾਜ ਦੀਆਂ ਔਕੜਾਂ ਹਨ।

ਇੰਜ ਮਾਓ ਨੇ ਮਨੁੱਖਤਾ ਦੀ ਬੇਪਨਾਹ ਸ਼ਕਤੀ ਲਈ ਰਾਹ ਖੋਹਲ ਦਿਤਾ।



## ਲੇਖਕ/ਪਾਠਕ ਕਹਿੰਦੇ ਹਨ

■ ਪ੍ਰੋ. ਕਿਸ਼ਨ ਸਿੰਘ ਹੁਰਾਂ ਦੇ ਲੇਖ ਦੀ ਆਲੋਚਨਾ ਕਰਦਿਆਂ ਹੋਇਆਂ ਹਾਂਸ ਜੀ ਨੇ (ਸੋਧ, ਅਕਤੂਬਰ 1976, ਪੰਨਾ 44) ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਵਿਚ 'ਚੂਹੜੇ ਜਰਨੈਲ ਦਾ ਤੱਥ ਕਿਤੇ ਨਹੀਂ ਮਿਲਦਾ'। ਇਸ ਸੰਬੰਧੀ ਮੈਂ ਹੇਠ ਲਿਖੀਆਂ ਇਤਿਹਾਸਕ ਗਵਾਹੀਆਂ ਵਲ ਧਿਆਨ ਦਿਵਾਉਣਾ ਚਾਹੁੰਦਾ ਹਾਂ :

(ੳ) ਬੰਦੇ ਬਹਾਦਰ ਦੇ ਸਮੇਂ ਪਿਛੋਂ ਅਤੇ ਸਖ਼ਤ ਗੁਰੀਲਾ ਜਦੋ-ਜਹਿਦ ਵਿਚੋਂ ਲੰਘਣ ਪਿਛੋਂ, ਜਦ ਖ਼ਾਲਸੇ ਦੀ ਜਥੇਬੰਦੀ ਨੂੰ ਨਵਿਓਂ ਸਿਰਿਓਂ ਤਰਤੀਬ ਦੇਣ ਦਾ ਮੌਕਿਆ ਮਿਲਿਆ, ਤਾਂ ਖ਼ਾਲਸੇ ਦੇ ਪੰਜ ਜੱਥੇ ਬਣਾਏ ਗਏ। ਇਨ੍ਹਾਂ ਵਿਚੋਂ ਇਕ ਰੰਘਰੇਟੇ ਬੀਰ ਸਿੰਘ ਦੀ ਜੱਥੇਦਾਰੀ ਹੇਠ ਸੀ। ਇਨ੍ਹਾਂ ਪੰਜਾਂ ਜੱਥਿਆਂ ਨੂੰ ਅਕਾਲ ਬੁੰਗੇ ਤੋਂ ਲਿਆ ਕੇ ਅੱਡ ਅੱਡ ਝੰਡੇ ਦਿਤੇ ਗਏ (ਪ੍ਰਾਚੀਨ ਪੰਥ ਪ੍ਰਕਾਸ਼, ਸੰਪਾਦਕ ਭਾ. ਵੀਰ ਸਿੰਘ ਜੀ, ਪੰਨਾ 216)।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਬੀਰ ਸਿੰਘ ਦਾ ਜੱਥਾ ਆਪਣੇ ਆਪ ਵਜੂਦ ਵਿਚ ਨਹੀਂ ਆਇਆ, ਪੰਥ ਦੀ ਪ੍ਰਵਾਨਗੀ ਨਾਲ ਬਣਿਆ। ਅਤੇ ਇਹ ਜੱਥਾ ਸੰਪੂਰਨ ਤੌਰ ਉਤੇ ਦੂਸਰਿਆਂ ਚੌਹਾਂ ਦੇ ਬਰਾਬਰ ਸੀ ਅਤੇ ਉਨ੍ਹਾਂ ਵਾਂਕੁਰ ਇਸ ਦਾ ਆਪਣਾ ਝੰਡਾ ਸੀ।

ਬੀਰ ਸਿੰਘ ਰੰਘਰੇਟੇ ਦਾ ਜੱਥਾ ਕੇਵਲ ਬਣਿਆ ਹੀ ਨਹੀਂ, ਖਾਲਸੇ ਦੀਆਂ ਮੁਹਿੰਮਾਂ ਵਿਚ ਹਿੱਸਾ ਲੈਂਦਾ ਰਿਹਾ। ਮੁਰੰਡੇ ਦੇ ਰੰਘੜਾਂ (ਭੰਗੂ, ਪੰਨਾ 382), ਅਤੇ ਆਲਾ ਸਿੰਘ ਦੀ ਬੇਨਤੀ ਉਤੇ ਮਲੇਰਕੋਟੀਏ ਪਠਾਨਾਂ (ਭੰਗੂ, ਪੰਨਾ 469), ਦੀ ਸੋਧ ਵਿਚ ਇਹ ਸ਼ਾਮਲ ਸੀ। ਮਲੇਰਕੋਟੀਏ ਪਠਾਨਾਂ ਉਤੇ ਫ਼ਤਹ ਪਾਉਣ ਪਿਛੋਂ ਜਦ ਆਲਾ ਸਿੰਘ ਨੇ ਖਾਲਸੇ ਨੂੰ ਘੋੜੇ ਪੇਸ਼ ਕੀਤੇ, ਤਾਂ ਪਹਿਲੋਂ ਘੋੜਾ ਬੀਰ ਸਿੰਘ ਨੂੰ ਫੜਾਇਆ ਗਿਆ ਅਤੇ ਬਾਕੀ ਦੇ ਪੰਥ ਨੂੰ ਪਿਛੋਂ ਵਰਤਾਏ ਗਏ (Ibid)। ਅਰਥਾਤ ਬੀਰ ਸਿੰਘ ਦੇ ਜੱਥੇ ਨੂੰ ਪਹਿਲੋਂ ਘੋੜਾ ਦੇ ਕੇ ਖ਼ਾਸ ਤੌਰ ਉਤੇ ਸਨਮਾਨਿਆਂ ਗਿਆ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਿਖ ਲਹਿਰ ਦੇ ਇਨਕਲਾਬੀ ਦੌਰ ਵਿਚ ਹਿੰਦੂ ਜ਼ਾਤ-ਪਾਤੀ ਪ੍ਰਬੰਧ ਦੀ ਸਭ ਤੋਂ ਵੱਧ ਦਬਾਈ ਜਾਤੀ ਰੰਘਰੇਟਿਆਂ ਦੀ ਪੰਥ ਵਿਚ ਕੀ ਪੁਜ਼ੀਸ਼ਨ ਸੀ।

(ਅ) ਕਨਿੰਘਮ (A History of Sikhs, J. D. Cunningham, published by S. Chand & Co. foot-note, p. 71) ਲਿਖਦਾ ਹੈ : — 'ਚਮਕੌਰ ਵਿਚ ਇੱਟਾਂ ਦੀ ਛੋਟੀ ਗੜ੍ਹੀ ਦੇ ਇਕ ਬੁਰਜ ਵਿਚ ਅਜੇ ਵੀ ਭੰਗੀ (sweeper) ਜ਼ਾਤ ਦੇ ਜੀਵਨ ਸਿੰਘ ਨਾਮੀ ਇਕ ਉਘੇ ਜੋਧੇ (distinguished warrior), ਜੋ ਇਸ ਘੇਰੇ ਵਿਚ ਮਾਰਿਆ ਗਿਆ, ਦੀ ਸਮਾਧੀ ਵਿਖਾਈ ਜਾਂਦੀ ਹੈ, ਬੁਰਜ ਦਾ ਨਾਮ ਵੀ ਇਸ ਸ਼ਹੀਦ ਦੇ ਨਾਮ ਨਾਲ ਪ੍ਰਸਿਧ ਹੈ।' ਚਮਕੌਰ ਵਿਚ ਸ਼ਹੀਦ ਜੀਵਨ ਸਿੰਘ ਦੀ ਸੂਰਬੀਰਤਾ ਦੀ ਭੰਗੂ ਪੁਸ਼ਟੀ ਕਰਦਾ ਹੈ (ਪੰਨਾ 58)।

2. ਪ੍ਰੋ. ਕਿਸ਼ਨ ਸਿੰਘ ਹੁਰਾਂ ਦੇ ਲੇਖ ਦੀ ਉਪ੍ਰੋਕਤ ਆਲੋਚਨਾ ਦੇ ਸਿਲਸਲੇ ਵਿਚ ਹਾਂਸ ਜੀ ਮਸ਼ਵਰਾ ਦੇਂਦੇ ਹਨ ਕਿ 'ਸਰਦਾਰ ਸਾਹਿਬ ਵਿਸ਼ੇ ਦੇ ਉਦਾਲੇ ਪੁਦਾਲੇ ਭਾਵੇਂ ਕਿੰਨੀ ਵਿਦਵਤਾ

ਅਤੇ ਕਿੰਨੇ ਹੀ ਪ੍ਰਬੀਨ ਪੈਂਤਰਿਆਂ ਨਾਲ ਫਿਰੀ ਜਾਣ, ਕੋਈ ਗੱਲ ਸਿਰੇ ਨਹੀਂ ਲਗਣੀ। ਉਹਨਾਂ ਨੂੰ ਡਾ. ਗਰੇਵਾਲ ਵਾਂਗੂ ਠੋਸ (Particular) ਹੋਣ ਦੀ ਲੋੜ ਹੈ' (ਉਹੀ, ਪੰਨਾ 45)।

ਮੁਸ਼ਕਲ ਇਹ ਹੈ ਕਿ ਜਿਥੇ ਡਾ. ਗਰੇਵਾਲ ਜੀ ਖੋਖਲੀ ਗੱਲ ਕਰਦੇ ਹਨ, ਹਾਂਸ ਜੀ ਉਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਡਾ. ਗਰੇਵਾਲ ਜੀ ਨੇ ਮਨ-ਘੜਤ ਕਿਆਸ-ਆਰਾਈ ਉਤੇ ਆਧਾਰਤ ਦੋ ਸੁਝਾਓ ਦਿਤੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦਰਸ਼ਾਹ ਨਾਲ ਇਸ ਖ਼ਾਤਰ ਨੇੜ ਕੀਤਾ ਕਿਉਂਕਿ ਉਨ੍ਹਾਂ ਨੂੰ ਅਨੰਦਪੁਰ ਨਾਲ ਜ਼ਾਤੀ ਲਗਾਓ ਹੋ ਗਿਆ ਸੀ। (ਸੇਧ, ਨਵੰਬਰ 1975, ਪੰਨਾ 26)। ਦੂਸਰੇ, ਗੁਰੂ ਗੋਬਿੰਦ ਸਿੰਘ ਜੀ ਦੀ 'ਜੱਟਾਂ' ਤੇ ਨਿਰਭਰਤਾ ਇਸ ਫ਼ੈਸਲੇ ਤੋਂ ਝਲਕਦੀ ਹੈ ਜਿਸ ਅਨੁਸਾਰ ਉਹਨਾਂ ਜੱਟਾਂ ਨੂੰ ਖ਼ਤਰੀਆਂ ਬ੍ਰਾਹਮਣਾਂ ਬਰਾਬਰ ਕਰ ਦਿਤਾ।' (ਸੇਧ, ਅਪਰੈਲ 1976, ਪੰਨਾ 38)।

ਇਨ੍ਹਾਂ ਸੁਝਾਵਾਂ ਦੇ ਵਿਰੁਧ ਦਲੀਲਾਂ ਦਿਤੀਆਂ ਜਾਣ ਦੇ ਬਾਵਜੂਦ, ਉਨ੍ਹਾਂ 'ਠੋਸ' ਤੱਥਾਂ ਜਾਂ ਦਲੀਲਾਂ ਨੂੰ ਜ਼ਾਹਰ ਕਰਨਾ ਅਜੇ ਤਕ ਉਚਿਤ ਨਹੀਂ ਸਮਝਿਆ ਗਿਆ ਜਿਨ੍ਹਾਂ ਦੇ ਆਧਾਰ ਉਤੇ ਇਹ ਸੁਝਾਓ ਘੜੇ ਗਏ ਸਨ।

3. ਸਮੁਚੀ ਸਿਖ ਲਹਿਰ ਨੂੰ ਇਸ ਤੱਥ ਦੀ ਰੌਸ਼ਨੀ ਵਿਚ ਜਾਂਚਿਆ ਜਾ ਰਿਹਾ ਹੈ ਕਿ ਸਿਖ ਅੰਦੋਲਨ ਦਾ ਅੰਤਮ ਸਿੱਟਾ ਇਕ-ਪੁਰਖੀ ਰਾਜ ਨਿਕਲਿਆ। ਇਨਕਲਾਬੀ ਲਹਿਰਾਂ ਨੂੰ ਜਾਂਚਣ ਦਾ ਇਹ ਮੰਤਕ, ਕੀ ਕੇਵਲ ਸਿਖ ਲਹਿਰ ਉਤੇ ਹੀ ਲਾਗੂ ਹੈ? ਜੇ ਨਹੀਂ, ਤਾਂ ਪਹਿਲਾਂ ਹੇਠ ਲਿਖੀਆਂ ਗੱਲਾਂ ਦਾ ਨਿਰਣਾ ਹੋਣਾ ਚਾਹੀਦਾ ਹੈ:

(ੳ) ਫਰਾਂਸ ਦੀ ਜੁਗਗਰਦੀ ਉਸ ਜ਼ਮਾਨੇ ਮੁਤਾਬਿਕ ਦੁਨੀਆਂ ਦੇ ਇਨਕਲਾਬੀ ਇਤਿਹਾਸ ਵਿਚ ਇਕ ਚਮਤਕਾਰ ਸਮਝੀ ਜਾਂਦੀ ਹੈ। ਸਿਖ ਇਨਕਲਾਬੀ ਲਹਿਰ ਨੂੰ ਰਣਜੀਤ ਸਿੰਘ ਵਿਚ ਬਦਲਦਿਆਂ ਤਕਰੀਬਨ ਸੌ ਸਾਲ ਲਗੇ (ਜੇ ਖਾਲਸਾ ਸਾਜਣ, 1699 A.D., ਤੋਂ ਸ਼ੁਰੂ ਹੋ ਕੇ ਦੁਰਾਨੀ ਸ਼ਾਹ ਵਲੋਂ ਰਣਜੀਤ ਸਿੰਘ ਨੂੰ ਲਾਹੌਰ ਸੌਂਪੇ ਜਾਣ, 1799 A.D., ਤਕ ਗਿਣਿਆ ਜਾਏ)। ਪਰ ਫਰਾਂਸ ਦੀ ਜੁਗਗਰਦੀ ਨੂੰ ਨੈਪੋਲੀਅਨ ਵਿਚ ਪਲਟਦਿਆਂ ਕਰੀਬਨ ਇਸ ਦਾ ਦਸਵਾਂ ਹਿੱਸਾ ਸਮਾਂ ਲਗਾ। ਕੀ ਫ਼ਰਾਂਸ ਦੀ ਜੁਗਗਰਦੀ ਇਨਕਲਾਬੀ ਨਹੀਂ ਸੀ?

(ਅ) ਰੂਸ ਦੀ ਬਾਲਸ਼ਵਿਕ ਲਹਿਰ ਲੈਨਿਨ ਦੇ ਮਰਨ ਦੀ ਢਿਲ ਸੀ ਕਿ ਖ਼ਰੂਸ਼ਚਵ ਅਤੇ ਹੋਰ ਨਿਰਪੱਖ ਦਰਸ਼ਕਾਂ ਮੁਤਾਬਿਕ ਸਟਾਲਨ ਦੀ ਭੱਦੇ ਕਿਸਮ ਦੀ ਇਕ-ਪੁਰਖੀ ਹਕੂਮਤ ਦੀ ਸ਼ਕਲ ਫੜ ਗਈ। ਇਸ ਤੋਂ ਇਲਾਵਾ 80 ਕਰੋੜ ਕਮਿਊਨਿਸਟ ਚੀਨਿਆਂ ਅਤੇ ਉਨ੍ਹਾਂ ਦੇ ਫ਼ਿਲਾਸਫ਼ਰਾਂ ਅਤੇ ਇਤਿਹਾਸਕਾਰਾਂ ਮੁਤਾਬਿਕ ਰੂਸ ਦੀ ਸਮੁਚੀ ਕਮਿਊਨਿਸਟ ਲਹਿਰ ਪਿਛਲੇ ਪੈਰੀਂ ਮੁੜ ਪਈ ਹੈ (revisionist ਹੋ ਗਈ ਹੈ)। ਤਾਂ ਕੀ ਲੈਨਿਨ ਸਮੇਂ ਦੀ ਬਾਲਸ਼ਵਿਕ ਲਹਿਰ ਗ਼ੈਰ-ਇਨਕਲਾਬੀ ਸੀ?

ਜੇ ਫ਼ਰਾਂਸ ਦੀ ਜੁਗਗਰਦੀ ਅਤੇ ਲੈਨਿਨ ਦੀ ਬਾਲਸ਼ਵਿਕ ਲਹਿਰ, ਪਿਛੋਂ ਹੋਏ ਪਰਵਰਤਨਾਂ ਦੇ ਬਾਵਜੂਦ ਇਨਕਲਾਬੀ ਮੰਨੀਆਂ ਜਾ ਸਕਦੀਆਂ ਹਨ, ਤਾਂ ਮਿਸਲਾਂ ਦੀ ਸਥਾਪਤੀ ਤੋਂ ਪਹਿਲੋਂ ਦੇ ਸਮੇਂ ਦਾ ਸਿਖ ਅੰਦੋਲਨ ਕਿਉਂ ਨਹੀਂ? — ਜਗਜੀਤ ਸਿੰਘ, ਕੌਂਸਲ ਗੰਜ

■ **ਹਾਂਸ ਦੀ ਕੀਤੀ ਕੂੜੀ ਵਕਾਲਤ:** ਹਾਂਸ ਸਾਹਿਬ ਨੇ ਮੂਲ ਨੁਕਤੇ ਨੂੰ ਅੱਖਾਂ ਤੋਂ ਪਰੋਖੇ ਕਰਨ ਵਾਸਤੇ ਸਤੱਈ, ਲਫ਼ਜ਼ੀ ਚਾਲਾਕੀ ਨਾਲ ਬਹਿਸ ਨੂੰ ਵਿਸਥਾਰ ਦੇ ਨੁਕਤਿਆਂ ਵਿਚ ਫ਼ਸਾ ਕੇ ਕੁਰਾਹੇ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਜ਼ੇਰੇ-ਬਹਿਸ ਨੁਕਤਾ ਇਹ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉੱਸਰੀ ਸਿਖ ਲਹਿਰ ਦਾ ਅਸਲਾ, ਉਸ ਦਾ ਜਮਾਤੀ ਪੈਂਤੜਾ ਕੀ ਸੀ?



ਗੁਲਾਮਦਾਰੀ ਨਿਜ਼ਾਮ ਨਾਲੋਂ ਫ਼ੀਊਡਲ ਨਿਜ਼ਾਮ ਵਿਚ ਜਮਾਤੀ ਜਦੋ-ਜਹਿਦ ਦੇ ਉਚੇਰੀ ਪੱਧਰ 'ਤੇ ਪਹੁੰਚਣ ਦਾ ਜ਼ਿਕਰ ਕਰਦਿਆਂ ਰੂਸੀ ਇਤਿਹਾਸਕਾਰਾਂ ਨੇ ਫੀਊਡਲ ਨਿਜ਼ਾਮ ਦੇ ਵਿਰੁਧ ਹੋਈਆਂ ਕਿਸਾਨੀ ਬਗ਼ਾਵਤਾਂ ਦਾ ਜ਼ਿਕਰ ਕਰਦਿਆਂ, ਹੋਰ ਮਿਸਾਲਾਂ ਦੇ ਨਾਲ, ਸਾਡੇ ਮੁਲਕ ਦੇ ਲੰਮੇਂ ਇਤਿਹਾਸ ਵਿਚੋਂ ਸਤਾਹਰਵੀਂ ਤੇ ਅਠਾਹਰਵੀਂ ਸਦੀ ਦੀ ਸਿਖ ਲਹਿਰ ਦੀ ਮਿਸਾਲ ਲਈ ਹੈ। (Fundamentals of Marxism-Leninism Manual, p. 160) ਇਸ ਤੋਂ ਉਪਰੰਤ ਮਾਰਕਸਵਾਦੀ ਇਤਿਹਾਸਕਾਰ ਅਰਫਾਨ ਹਬੀਬ ਨੇ ਇਸ ਲਹਿਰ ਨੂੰ ਫੀਊਡਲ ਦੇ ਵਿਰੁਧ ਕਿਸਾਨੀ-ਪਲੀਬੀਅਨ ਬਗ਼ਾਵਤ ਕਰਾਰ ਦਿਤਾ ਹੈ।

ਮੈਂ ਲਿਖਿਆ ਸੀ ਕਿ ਜਿਸ ਇਤਿਹਾਸਕਾਰ ਨੇ ਵੀ ਇਸ ਲਹਿਰ ਬਾਬਤ ਆਪਣੀ ਰਾਏ ਪ੍ਰਗਟ ਕਰਨੀ ਹੈ ਉਸ ਦੇ ਵਾਸਤੇ ਲਾਜ਼ਮੀ ਹੈ ਕਿ ਉਹ ਪ੍ਰਗਟ ਹੋ ਚੁਕੀ ਰਾਏ ਨੂੰ ਮੁਖ਼ਾਤਬ ਹੋਵੇ। ਹਾਂਸ ਸਾਹਿਬ ਨੇ ਅਗੋਂ ਲਿਖਿਆ ਹੈ: "ਇਤਿਹਾਸਕਾਰ ਕੇਵਲ ਮੂਲ ਗਵਾਹੀ ਨੂੰ ਵਾਚਦਾ ਹੈ...ਬੰਦੇ ਨੂੰ ਤਾਰੀਖ਼ਦਾਨੀ 'ਚ ਦਖ਼ਲ-ਅੰਦਾਜ਼ੀ ਕਰਨ ਤੋਂ ਪਹਿਲਾਂ ਇਹਦੀ ਅਲਫ਼-ਬੇ ਸਮਝ ਲੈਣੀ ਚਾਹੀਦੀ ਹੈ। ਹੋਰ ਨਾ ਸਹੀ ਤਾਂ ਈ. ਐਚ. ਕਾਰ ਦੀ ਵੱਟ ਇਜ਼ ਹਿਸਟਰੀ? ਨਾਲ ਹੀ ਵਾਕਫ਼ੀਅਤ ਹੋਵੇ।" (ਅਕਤੂਬਰ ਅੰਕ, ਸਫ਼ਾ 44) ਕੀ ਹਾਂਸ ਸਾਹਿਬ ਦਾ ਖ਼ਿਆਲ ਹੈ ਕਿ "ਮੂਲ ਗਵਾਹੀ" ਤਕ ਸਿਰਫ਼ ਡਾਕਟਰ ਗਰੇਵਾਲ ਤੇ ਇਨ੍ਹਾਂ ਦੀ ਹੀ ਪਹੁੰਚ ਹੈ? ਰੂਸੀ ਇਤਿਹਾਸਕਾਰਾਂ ਤੇ ਅਰਫਾਨ ਹਬੀਬ ਦੀ "ਮੂਲ ਗਵਾਹੀ" ਤਕ ਪਹੁੰਚ ਨਹੀਂ? ਜੋ ਉਨ੍ਹਾਂ ਇਸ ਲਹਿਰ ਬਾਬਤ ਲਿਖਿਆ ਹੈ ਉਹ ਜਾਗੋ ਮੀਟੇ ਹੀ ਲਿਖ ਮਾਰਿਆ ਹੈ? ਨਾਲੇ ਇਤਿਹਾਸ ਲਿਖਦੇ ਤਾਂ ਇਤਿਹਾਸਕਾਰ ਹੀ ਹਨ ਪਰ ਕੀ ਇਸ ਨੂੰ ਸਮਝ ਸਿਰਫ਼ ਇਤਿਹਾਸਕਾਰ ਹੀ ਸਕਦੇ ਹਨ? ਕੀ ਇਤਿਹਾਸਕਾਰਾਂ ਤੋਂ ਬਗ਼ੈਰ ਹੋਰ ਸਭ ਨੂੰ ਇਤਿਹਾਸ ਦੀ ਬਾਬਤ ਰਾਏ ਦੇਣਾ ਸਿਧਾਂਤਕ ਤੌਰ 'ਤੇ ਮਨ੍ਹਾਂ ਹੈ? ਕੀ ਇਹ ਵਤੀਰਾ ਹਾਂਸ ਸਾਹਿਬ ਦੀ ਦਿਮਾਗ਼ੀ ਹੈਂਕੜਬਾਜ਼ੀ ਦੀ ਉਪਜ ਨਹੀਂ ਹੈ?

ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਬ੍ਰਾਹਮਣਵਾਦ ਦੀ ਬੋਲੀ ਵਿਚ ਉਸ ਵੇਲੇ ਦੇ ਸਮਾਜ ਦੇ ਸ਼ੂਦਰਾਂ (ਉਸ ਵੇਲੇ ਜੱਟ ਵੀ ਸ਼ੂਦਰ ਸਨ) ਦੀ ਕਾਬਜ਼ ਫੀਊਡਲ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ, ਆਪਣੀ ਆਜ਼ਾਦੀ ਵਾਸਤੇ ਬਗ਼ਾਵਤ ਸੀ। ਸਿਖ-ਲਹਿਰ ਦੇ ਇਸ ਮਸਲੇ 'ਤੇ ਘੱਟਾ ਪਾਉਣ ਵਾਸਤੇ, ਇਸ ਫਾਰਮੂਲੇਸ਼ਨ ਨੂੰ ਅੱਖਾਂ ਤੋਂ ਪਰੋਖੇ ਕਰਨ ਵਾਸਤੇ ਹਾਂਸ ਸਾਹਿਬ ਨੇ ਬਹੁਤ ਪਲੰਦਾ ਬੱਧਾ ਹੈ "ਸਮਾਜਵਾਦ ਦਾ ਧਰਮ ਨਾਲ ਸਿੱਧਾ ਸਬੰਧ ਨਹੀਂ ਬਣ ਸਕਦਾ...ਇਤਿਹਾਸ ਤੇ ਧਰਮ ਦਾ ਵਿਰੋਧ ਹੈ।..." ਕੀ ਫ਼ੀਊਡਲ ਨਿਜ਼ਾਮ ਦੇ ਵਿਰੁਧ ਆਪਣੀ ਆਜ਼ਾਦੀ ਵਾਸਤੇ ਕਿਸਾਨਾਂ ਆਦਿ ਦੀ ਕੀਤੀ ਜਮਾਤੀ ਜਦੋ-ਜਹਿਦ, ਕੀਤੀ ਹਥਿਆਰਬੰਦ ਬਗ਼ਾਵਤ ਦਾ ਸਮਾਜਵਾਦ ਨਾਲ, ਮਾਰਕਸਵਾਦ ਨਾਲ ਕੋਈ ਸਬੰਧ ਨਹੀਂ? ਸਿਰਫ਼ ਇਸ ਵਾਸਤੇ ਕਿ ਉਨ੍ਹਾਂ ਦੀ ਆਪਣੀ ਆਜ਼ਾਦੀ ਵਾਸਤੇ ਕੀਤੀ ਬਗ਼ਾਵਤ ਦੀ ਵਿਚਾਰਧਾਰਾ ਮਜ਼੍ਹਬੀ ਸੀ? ਕੀ ਵਿਚਾਰਧਾਰਾ ਦਾ ਮਜ਼੍ਹਬੀ ਹੋਣਾ ਲੋਕਾਂ ਦੀ ਕੀਤੀ ਜਮਾਤੀ ਜਦੋ-ਜਹਿਦ ਦੇ ਤੱਥ ਨੂੰ ਹੀ ਜ਼ਾਇਲ ਕਰ ਦੇਂਦਾ ਹੈ? ਕੀ ਏਂਗਲਜ਼ ਮੂਰਖ ਸੀ ਜਿਸ ਨੇ ਆਪਣੀ ਲਿਖਤ ਜਰਮਨੀ ਵਿਚ ਕਿਸਾਨੀ ਜੰਗ (ਜਿਸ ਦਾ ਹਵਾਲਾ ਸੇਧ ਵਿਚ ਦਿਤਾ ਜਾ ਚੁਕਾ ਹੈ) ਵਿਚ ਲਿਖਿਆ ਕਿ ਮੱਧ-ਕਾਲ ਵਿਚ ਫੀਊਡਲ ਦੇ ਵਿਰੁਧ ਕਿਸਾਨੀ ਆਦਿ ਬਗ਼ਾਵਤਾਂ ਮਜ਼੍ਹਬੀ ਰੂਪ ਵਿਚ ਹੁੰਦੀਆਂ ਰਹੀਆਂ? ਹੋਰ ਤਾਂ ਹੋਰ, ਉਸ ਨੇ ਸਪੱਸ਼ਟ ਲਿਖਿਆ ਹੈ ਕਿ ਉਸ ਵੇਲੇ ਕਿਸਾਨਾਂ ਆਦਿ ਦੀ ਜਮਾਤੀ ਜਦੋ-ਜਹਿਦ ਨੇ ਕਈ ਵੇਰ ਮਿਸਟਿਸਿਜ਼ਮ ਦੀ ਸ਼ਕਲ ਅਖ਼ਤਿਆਰ ਕੀਤੀ।

ਸਵਾਲ ਲੋਕਾਂ ਦੀ ਆਪਣੀ ਆਜ਼ਾਦੀ ਵਾਸਤੇ ਕੀਤੀ ਜਮਾਤੀ ਜਦੋ-ਜਹਿਦ ਦਾ ਹੈ। ਜੇ ਜਮਾਤੀ ਜਦੋ-ਜਹਿਦ ਕਰਨ ਵਾਲਿਆਂ ਦੀ ਵਿਚਾਰਧਾਰਾ, ਉਨ੍ਹਾਂ ਦੀ ਚੇਤਨਤਾ ਉਸ ਵੇਲੇ ਮਜ਼੍ਹਬੀ ਸੀ, ਤਾਂ ਉਨ੍ਹਾਂ ਦੀ ਕੀਤੀ ਜਮਾਤੀ ਜਦੋ-ਜਹਿਦ ਭ੍ਰਿਸ਼ਟੀ ਨਹੀਂ ਗਈ ਜਿਸ ਦੇ ਨਾਲ ਲੱਗਿਆਂ ਹੀ ਸਮਾਜਵਾਦ ਭਿੱਟਿਆਂ ਜਾਵੇਗਾ ਤੇ ਮਾਰਕਸਵਾਦ ਨਸ਼ਟ ਹੋ ਜਾਵੇਗਾ। ਸਮਾਜ ਦੀ ਉਸਾਰੀ ਦੀ ਕਿਸੇ ਸਟੇਜ ਉਤੇ ਮਜ਼੍ਹਬ ਮੂਲ ਵਿਚਾਰਧਾਰਕ ਅਡੰਬਰ ਹੁੰਦਾ ਹੈ। ਇਹ ਕਿਸੇ ਜਮਾਤ ਦਾ ਹਿੱਤ ਹੁੰਦਾ ਹੈ। ਉਸ ਹਿੱਤ ਨੂੰ ਪੂਰਦਾ ਹੈ। ਇਸ ਵਾਸਤੇ ਹੀ ਮਜ਼੍ਹਬੀ ਸਵਾਲਾਂ ਦਾ ਅੰਤ ਅਸਲਾ ਸੰਸਾਰਕ, ਸਮਾਜਕ, ਮਨੁਖੀ ਹੁੰਦਾ ਹੈ। ਮਜ਼੍ਹਬ ਨੂੰ ਸਮਝਣ ਦਾ ਮਾਰਕਸਵਾਦੀ ਤਰੀਕਾ ਹੀ ਮਜ਼੍ਹਬੀ ਸਵਾਲਾਂ ਨੂੰ ਸੰਸਾਰਕ ਸਵਾਲਾਂ ਜਿਨ੍ਹਾਂ ਦਾ ਕਿ ਉਹ ਰੂਪ ਹੁੰਦੇ ਹਨ, ਵਿਚ ਤਬਦੀਲ ਕਰਕੇ ਉਨ੍ਹਾਂ ਨੂੰ ਜਮਾਤੀ ਨੁਕਤੇ ਤੋਂ ਪਰਖਣਾ ਹੁੰਦਾ ਹੈ। ਮਜ਼੍ਹਬ ਦਾ ਜਮਾਤੀ ਰੋਲ ਹੁੰਦਾ ਹੈ। ਇਸ ਤੋਂ ਮਾਰਕਸਵਾਦ ਨਸ ਕਿਵੇਂ ਸਕਦਾ ਹੈ ? ਜਿਹੜਾ ਮਜ਼੍ਹਬ ਹਾਕਮ ਜਮਾਤਾਂ ਦਾ ਹੈ ਮਾਰਕਸਵਾਦ ਉਸ ਦੇ ਤੂਸੜੇ ਉਡਾਵੇਗਾ, ਅਤੇ ਜਿਹੜਾ ਮਜ਼੍ਹਬ ਪਲਬੀਅਨ ਦਾ ਹਿਤੀ ਸੀ, ਉਹ ਲੋਕ-ਹਿਤੀ ਪੈਂਤੜੇ ਦਾ ਸੀ। ਉਸ ਨੇ ਲੋਕ ਹਿਤੀ ਕੀਮਤਾਂ ਹੀ ਪ੍ਰਗਟ ਕੀਤੀਆਂ ਅਤੇ ਉਨ੍ਹਾਂ ਵਲ ਹੀ ਪਰੇਰਤ ਕੀਤਾ। ਅਸੀਂ ਹਾਂਸ ਸਾਹਿਬ ਕੋਲੋਂ ਪੁਛਦੇ ਹਾਂ ਕਿ ਕੀ ਹੋ ਗੁਜ਼ਰੀਆਂ ਮਜ਼੍ਹਬੀ ਲਹਿਰਾਂ ਇਤਿਹਾਸ ਦਾ ਵਿਸ਼ਾ ਨਹੀਂ ? ਸਿਰਫ਼ ਇਸ ਵਾਸਤੇ ਕਿ ਉਹ ਮਜ਼੍ਹਬੀ ਸਨ ?

ਹਾਂਸ ਸਾਹਿਬ ਲਿਖਦੇ ਹਨ : "ਲੋੜ ਬਾਣੀ ਦੇ ਵਿਧਾਰਮਿਕ (Secular) ਜਾਂ ਦੁਨਿਆਵੀ ਮਾਇਨੇ ਸਮਝਣ ਦੀ ਹੈ .।" (ਸਫ਼ਾ 46) ਜੇ ਮੈਂ ਹੁਣ ਤਕ ਗੁਰਬਾਣੀ ਦੇ ਮਾਇਨੇ ਸੰਸਾਰਕ ਬੋਲੀ ਵਿਚ, ਸਮਾਜਕ, ਸਿਆਸੀ, ਮਨੁਖੀ, ਜਮਾਤੀ ਜਦੋ-ਜਹਿਦ ਦੀ ਬੋਲੀ ਵਿਚ ਪ੍ਰਗਟ ਨਹੀਂ ਕੀਤੇ ਤਾਂ ਹੋਰ ਕੀ ਕੀਤਾ ਹੈ ? ਜੇ ਮੇਰੀ ਲਿਖਤ ਵਿਚੋਂ ਉਨ੍ਹਾਂ ਨੂੰ ਇਹ ਗੱਲ ਵੀ ਸਮਝ ਨਹੀਂ ਆਈ ਤਾਂ ਕਸੂਰ ਮੇਰਾ ਹੈ ਜਾਂ ਉਨ੍ਹਾਂ ਦੀ ਸਮਝ ਦਾ ? ਉਨ੍ਹਾਂ ਲਿਖਿਆ ਹੈ ਕਿ ਕਿਸ਼ਨ ਸਿੰਘ ਦਾ ਮਾਰਕਸਵਾਦ "ਭਾਈਵਾਦੀ ਮਾਰਕਸਵਾਦ ਹੈ ।" "ਸ: ਕਿਸ਼ਨ ਸਿੰਘ ਦੀ ਲਿਖਤ ਅਤੇ ਸ਼ੈਲੀ ਦਾ ਕਾਰਨ ਉਨ੍ਹਾਂ ਦਾ ਰਹੱਸਵਾਦ (mysticism) ਹੈ।" ਮੇਰਾ ਮਾਰਕਸਵਾਦ ਸਹੀ ਹੈ ਜਾਂ ਉਨ੍ਹਾਂ ਦਾ — ਇਸਦਾ ਕਿਹੜਾ ਨਿਬੇੜਾ ਨਹੀਂ ਹੋਣਾ ? ਪਰ ਇਹ ਨੁਕਤਾ ਨਾ ਇਸ ਮਜ਼ਮੂਨ ਦਾ ਤੇ ਨਾ ਇਸ ਨੋਟ ਦਾ ਵਿਸ਼ਾ ਹੈ। ਜ਼ੇਰੇ ਬਹਿਸ ਮਸਲਾ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਹੋਣੀ ਸਿਖ ਲਹਿਰ ਦਾ ਜਮਾਤੀ ਅਸਲਾ ਹੈ।

ਹਾਂਸ ਸਾਹਿਬ ਲਿਖਦੇ ਹਨ : "ਸ੍ਰ: ਕਿਸ਼ਨ ਸਿੰਘ ਵਾਲੀ ਮਾਇਆ ਦੀ ਵਿਆਖਿਆ ਅਜ ਤਕ ਕਿਸੇ ਨਹੀਂ ਕੀਤੀ । ਨਾ ਹੀ ਇਸ ਵਿਆਖਿਆ ਨੂੰ ਗੁਰਮੁਖ ਸੱਜਣ ਜਾਂ ਸਮੂਹ ਸਿੱਖ ਮੰਨਣ ਨੂੰ ਤਿਆਰ ਹਨ।" (ਸਫ਼ਾ 46) ਸਰਮਾਇਦਾਰੀ ਨਿਜ਼ਾਮ ਦੀ ਜੋ ਵਿਆਖਿਆ ਮਾਰਕਸ ਨੇ ਕੀਤੀ, ਉਹ ਉਸ ਤੋਂ ਪਹਿਲੋਂ ਕਿਸੇ ਨਹੀਂ ਸੀ ਕੀਤੀ। ਕੀ ਇਸ ਦਾ ਮਤਲਬ ਇਹ ਹੈ ਕਿ ਮਾਰਕਸ ਨੇ ਸਰਮਾਇਦਾਰੀ ਬਾਬਤ ਜੋ ਲਿਖਿਆ ਉਹ ਗ਼ਲਤ ਹੈ ? ਮਾਰਕਸ ਦੀ ਜ਼ਿੰਦਗੀ ਵਿਚ ਤਾਂ ਕੀ, ਅਜ ਤਕ, ਸਾਰੀ ਦੁਨੀਆਂ ਤਾਂ ਕੀ, ਸਾਰੀ ਪਰੋਲਤਾਰੀ ਜਮਾਤ ਨੇ ਵੀ ਮਾਰਕਸਵਾਦ ਨੂੰ ਨਹੀਂ ਮੰਨਿਆ। ਉਸ ਨੂੰ ਨਹੀਂ ਵਰਿਆ। ਦਿਸ-ਹੱਦੇ ਉਤੇ ਉਹ ਸਮਾਂ ਅਜੇ ਨਜ਼ਰ ਨਹੀਂ ਆਉਂਦਾ ਜਦੋਂ ਦੁਨੀਆਂ ਦੇ ਸਾਰੇ ਪਰੋਲਤਾਰੀ ਲੋਕ ਮਾਰਕਸਵਾਦ ਨੂੰ ਮੰਨ ਲੈਣਗੇ, ਉਸ ਨੂੰ ਵਰ ਲੈਣਗੇ। ਕੀ ਮਾਰਕਸਵਾਦ ਉਤੇ ਲਾਲ ਸਿਆਹੀ ਫੇਰਨ ਵਾਸਤੇ ਦੁਨੀਆਂ ਦੀ ਸਾਰੀ ਪਰੋਲਤਾਰੀ ਜਮਾਤ ਦਾ ਉਸ ਨੂੰ ਨਾ ਮੰਨਣਾ ਕਾਫ਼ੀ ਸਬੂਤ ਹੈ ?



ਗੁਰਬਾਣੀ ਵਿਚ ਸਟੇਟ ਤੇ ਮਾਇਆ ਦੇ ਸੰਕਲਪ ਕੀ ਹਨ ? ਇਸ ਦੀ ਬਾਬਤ ਅਸੀਂ ਬਹੁਤ ਕੁਛ ਲਿਖ ਚੁਕੇ ਹਾਂ। ਨਾਲੇ ਹਾਂਸ ਹੁਰਾਂ ਸਿਵਾਏ ਆਪਣੇ ਮੂੰਹ ਦੀ ਹਵਾੜ ਕੱਢਣ ਤੋਂ ਹੋਰ ਕੁਛ ਨਹੀਂ ਲਿਖਿਆ। ਨਾ ਕੋਈ ਤੱਥ ਦਿਤਾ ਹੈ। ਨਾ ਤੱਥਾਂ 'ਤੇ ਆਧਾਰਤ ਕੋਈ ਦਲੀਲ । ਖੰਡਣ ਕਿਸ ਦਾ ਕੀਤਾ ਜਾਵੇ ? ਵੈਸੇ ਉਨ੍ਹਾਂ ਦੀ ਗਿਆਤ ਵਾਸਤੇ ਇਹ ਦਸ ਦੇਣਾ ਸ਼ਾਇਦ ਬੇਲੋੜਾ ਨਹੀਂ ਕਿ ਗੁਰਬਾਣੀ ਮਾਇਆ ਦੀ ਬਾਬਤ ਬਹੁਤ ਕੁਛ ਕਹਿੰਦੀ ਹੈ ਅਤੇ ਉਸ ਨੂੰ "ਸਾਇਰ ਦੀ ਪੁਤ੍ਰੀ" — ਦੂਸਰੇ ਲਫ਼ਜ਼ਾਂ ਵਿਚ — ਹਿੰਦੂ ਮਿਥਿਹਾਸ ਦੀ ਬੋਲੀ ਵਿਚ ਲਕਸ਼ਮੀ ਵੀ ਕਹਿੰਦੀ ਹੈ।

ਸਮਾਜਵਾਦ ਤੋਂ ਹਾਂਸ ਸਾਹਿਬ ਦਾ ਕੀ ਮਤਲਬ ਹੈ ਇਹ ਤਾਂ ਉਹ ਹੀ ਜਾਣਨ। ਪਰ ਮਨੁਖ ਤੇ ਉਸ ਦੀ ਜ਼ਿੰਦਗੀ ਦੇ ਵਸੀਲਿਆਂ ਦੇ ਦਰਮਿਆਨ ਪੈਸੇ ਦਾ ਵਿਚੋਲਪੁਣਾ ਨਾ ਸਮਾਜ ਵਿਚ ਹਮੇਸ਼ਾਂ ਸੀ ਅਤੇ ਨਾ ਹਮੇਸ਼ਾਂ ਰਹੇਗਾ। ਜਦੋਂ ਕੰਮ ਦੀ ਪਰੇਰਨਾ ਪੈਸਾ ਨਾ ਰਹੀ, ਸਮਾਜ ਵਿਚੋਂ ਪੈਸਾ, ਪੈਸੇ ਦਾ ਇਹ ਵਿਚੋਲਪੁਣਾ, ਪੈਸੇ ਦੀ ਮਨੁਖ ਉਤੇ ਸਰਦਾਰੀ ਖਤਮ ਹੋ ਜਾਵੇਗੀ।

ਰਣਜੀਤ ਸਿੰਘ ਦੀ ਸਟੇਟ ਗੁਰੂ ਸਾਹਿਬਾਨ ਦੀ ਉਸਾਰੀ ਸਿਖ-ਲਹਿਰ ਦੀ ਨਗੇਸ਼ਨ ਸੀ ਜਾਂ ਉਸ ਦਾ ਸਿਖਰ ਇਸ ਦੀ ਬਾਬਤ ਅਸੀਂ ਬਹੁਤ ਵੇਰ ਲਿਖ ਚੁਕੇ ਹਾਂ। ਰਣਜੀਤ ਸਿੰਘ ਦੀ ਸਟੇਟ ਅਤੇ 'ਸਿੰਘ ਸਭਾ ਲਹਿਰ ਨੂੰ ਗੁਰੂ ਸਾਹਿਬਾਨ ਦੀ ਉਸਾਰੀ ਸਿਖ-ਲਹਿਰ ਦਾ ਸਿਖਰ ਸਾਬਤ ਕਰਨ ਵਾਸਤੇ ਹਾਂਸ ਸਾਹਿਬ ਨੇ ਨਾ ਕੋਈ ਤੱਥ ਪੇਸ਼ ਕੀਤਾ ਹੈ ਅਤੇ ਨਾ ਹੀ ਤੱਥਾਂ 'ਤੇ ਆਧਾਰਤ ਕੋਈ ਦਲੀਲ। ਸੋ ਜਵਾਬ ਕਿਸ ਦਾ ਦਿਤਾ ਜਾਵੇ ਅਤੇ ਖੰਡਨ ਕਿਸ ਨੂੰ ਕੀਤਾ ਜਾਵੇ ?

ਹਾਂਸ ਸਾਹਿਬ ਲਿਖਦੇ ਹਨ : "ਸ੍ਰ: ਕਿਸ਼ਨ ਸਿੰਘ ਵਿਚ ਮਾਮੂਲੀ ਬੁਧੀਮਾਨੀ ਈਮਾਨਦਾਰੀ ਵੀ ਨਹੀਂ। ਡਾਕਟਰ ਗਰੇਵਾਲ ਨੇ ਗੁਰੂ ਗੋਬਿੰਦ ਸਿੰਘ ਨੂੰ ਕਿਥੇ "ਖੁਦਗਰਜ਼ ਅਤੇ ਸਾਧਾਰਨ ਜਹੀ ਸ਼ਖ਼ਸੀਅਤ ਕਿਹਾ ਹੈ।" ਪਹਿਲੇ ਸਭ ਗੁਰੂ ਸਾਹਿਬਾਨ ਨੇ ਮਨੁਖ ਉਤੋਂ ਮਾਇਆ ਦਾ ਬੰਧਨ ਤੋੜਨ ਵਾਸਤੇ, ਸਰਬਤ ਦੀ ਆਜ਼ਾਦੀ ਸਥਾਪਤ ਕਰਨ ਵਾਸਤੇ ਸਿਖ ਲਹਿਰ ਉਸਾਰੀ। ਸੇਧ, ਨਵੰਬਰ 1975 ਵਿਚ ਛਪੇ ਆਪਣੇ ਮਜ਼ਮੂਨ "ਗੁਰੂ ਗੋਬਿੰਦ ਸਿੰਘ ਅਤੇ ਬਹਾਦਰ ਸ਼ਾਹ" ਵਿਚ ਡਾਕਟਰ ਗਰੇਵਾਲ ਇਸ ਸਿੱਟੇ ਉਤੇ ਪਹੁੰਚਦੇ ਹਨ ਕਿ ਗੁਰੂ ਗੋਬਿੰਦ ਸਿੰਘ ਦਾ ਬਹਾਦਰ ਸ਼ਾਹ ਨੂੰ ਮਿਲਣ ਦਾ ਮਨੋਰਥ "ਆਪਣੇ ਪੁਰਖਿਆਂ ਦੀ ਦੇਣ" ਆਪਣੇ ਘਰ ਆਨੰਦਪੁਰ ਨੂੰ ਪਹਿਲਾਂ ਵਾਂਗ ਹੀ 'ਕਰਾਇਆ' ਦੇਣ ਬਗੈਰ ਰਖਣਾ ਸੀ। ਡਾਕਟਰ ਗਰੇਵਾਲ ਦਾ ਕਢਿਆ ਇਹ ਸਿੱਟਾ ਹੈ ਬਿਲਕੁਲ ਗ਼ਲਤ। ਪਰ ਇਸ ਕਢੇ ਸਿੱਟੇ ਤੋਂ ਸਾਬਤ ਕੀ ਹੁੰਦਾ ਹੈ ? ਸਾਬਤ ਸਪਸ਼ਟ ਹੀ ਇਹ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਰਬਤ ਦੀ ਆਜ਼ਾਦੀ ਵਾਸਤੇ ਉਸਾਰੀ ਲਹਿਰ ਨੂੰ ਆਪਣੇ ਜ਼ਾਤੀ ਹਿੱਤ ਵਾਸਤੇ ਜੋਇਆ। ਅਤੇ ਉਹ ਵੀ ਨਿਗੂਣੇ ਹਿੱਤ ਵਾਸਤੇ। ਇਸ ਤੋਂ ਜੇ ਗੁਰੂ ਗੋਬਿੰਦ ਸਿੰਘ ਸਾਹਿਬ ਖੁਦਗਰਜ਼ ਸਾਧਾਰਨ ਜਹੀ ਸ਼ਖ਼ਸੀਅਤ, ਦੂਸਰੇ ਲਫ਼ਜ਼ਾਂ ਵਿਚ ਆਮ ਮਨਮੁਖ ਸਾਬਤ ਨਹੀਂ ਹੁੰਦੇ, ਤਾਂ ਹੋਰ ਕੀ ਹੁੰਦੇ ਹਨ ? ਕੀ ਇਸ ਕਢੇ ਸਿੱਟੇ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਲੋਕ-ਹਿੱਤ ਦੇ, ਸਰਬਤ ਦੀ ਆਜ਼ਾਦੀ ਦੇ ਨਾਇਕ ਸਤਿਗੁਰੂ — ਸਾਬਤ ਹੁੰਦੇ ਹਨ ? ਜੇ ਡਾਕਟਰ ਗਰੇਵਾਲ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਨਾਲ ਸੁੱਧਾ ਹੀ ਧੱਕਾ ਨਹੀਂ ਕੀਤਾ ਤਾਂ ਹੋਰ ਕੀਤਾ ਕੀ ਹੈ ? ਡਾਕਟਰ ਗਰੇਵਾਲ ਨੇ ਉਨ੍ਹਾਂ ਨਾਲ ਇਨਸਾਫ਼ ਕਿਸ ਪਾਸਿਉਂ ਕੀਤਾ ਹੈ ?

— ਪ੍ਰੋ: ਕਿਸ਼ਨ ਸਿੰਘ, ਨਵੀਂ ਦਿੱਲੀ

■ ਹਉਮੈਂ ਝਖਣਾ ਝਾਖ : ਸੁਰਜੀਤ ਹਾਂਸ ਹੁਰਾਂ (ਸੇਧ ਅਕਤੂਬਰ 1976) ਸ਼ਾਹ ਕੈਨਯੂਟ

ਵਾਂਗ ਫ਼ਤਵੇ ਦਿਤੇ ਹਨ ਜਿਨ੍ਹਾਂ ਦੀ ਪੁਸ਼ਟੀ ਵਾਸਤੇ ਉਨ੍ਹਾਂ ਨੂੰ ਤੱਥਾਂ ਦੀ ਲੋੜ ਨਹੀਂ ਅਤੇ ਵਿਰੋਧੀ ਰਾਏ ਨੂੰ ਬਿੜਕਣ ਦੀ ਆਗਿਆ ਨਹੀਂ :

1. "ਇਤਿਹਾਸਕਾਰ ਕੇਵਲ ਮੂਲ ਗਵਾਹੀ ਨੂੰ ਵਾਚਦਾ ਹੈ।" ਇਤਿਹਾਸ ਸ਼ਾਸਤਰ ਦਾ ਇਹ ਕਾਇਦਾ ਨਹੀਂ ਹੈ ਕਿ ਲਿਖਾਰੀ ਪਰਗਟ ਹੋ ਚੁਕੀ ਰਾਇ ਨੂੰ ਮੁਖਾਤਬ ਹੋਵੇ। ਇਤਿਹਾਸਕ ਸਚਾਈ ਵਜੋਂ ਡਾ: ਗਰੇਵਾਲ ਨੇ 'ਪ੍ਰੇਮ ਸੁਮਾਰਗ' ਨੂੰ ਹੀ ਮੂਲ ਗਵਾਹੀ ਮੰਨਿਆਂ ਹੈ ਜਿਸ ਨੂੰ ਗੁਰਬਾਣੀ ਦੀ ਕਸਵੱਟੀ ਅਤੇ ਗੁਰੂ ਨਾਨਕ ਸਾਹਿਬ ਦਾ ਹੱਟੀ ਕਰਨ ਦਾ ਵਾਕਿਆ ਰੱਦ ਕਰ ਦੇਂਦੇ ਹਨ (ਸੇਧ ਸਤੰਬਰ 1976, ਪੰਨਾ 48, ਅਖੀਰਲੀਆਂ ਪੰਜ ਸਤਰਾਂ)। ਪ੍ਰੋ: ਕਿਸ਼ਨ ਸਿੰਘ ਤੇ ਡਾਕਟਰ ਗੋਕਲ ਚੰਦ ਨਾਰੰਗ ਨੂੰ ਤਾਂ ਛੱਡਿਆ ਆਧੁਨਿਕ ਇਤਿਹਾਸਕਾਰ ਇੰਦੂ ਭੂਸ਼ਨ ਬੈਨਰਜੀ ਤੇ ਏ. ਸੀ. ਬੈਨਰਜੀ ਦੀਆਂ ਉਹ ਲਿਖਤਾਂ ਵੀ ਡਾ: ਗਰੇਵਾਲ ਦੀ ਤਵੱਜੋ ਹਾਸਿਲ ਨਹੀਂ ਕਰ ਸਕੀਆਂ ਜਿਨ੍ਹਾਂ ਰਾਹੀਂ ਸੰਸਾਰ ਪਰਸਿਧ ਇਤਿਹਾਸਕਾਰ ਜਾਦੂ ਨਾਥ ਸਰਕਾਰ ਦੇ ਗੁਰੂਆਂ ਤੇ ਸਿਖ ਲਹਿਰ ਨੂੰ ਇਤਿਹਾਸਕ ਤੱਥਾਂ ਦੇ ਵਿਰੁਧ ਛੁਟਿਔਂਦੇ ਵਿਚਾਰ ਰੱਦ ਹੋ ਜਾਂਦੇ ਹਨ। ਕੀ ਪਰਗਟ ਰਾਏ ਗ਼ਲਤ ਹੈ ਜਾਂ ਠੀਕ ਇਸ ਨੂੰ ਜਾਚਣ ਦੀ ਇਤਿਹਾਸਕਾਰ ਨੂੰ ਕੋਈ ਆਵੱਸ਼ਕਤਾ ਨਹੀਂ ? ਕੇਵਲ ਫ਼ਤਵਾ ਦੇਣਾ ਕਾਫ਼ੀ ਹੈ ?

2. ਇਤਿਹਾਸ ਬਾਰੇ ਲਿਖਣ ਤੋਂ ਪਹਿਲਾਂ ਈ. ਐਚ. ਕਾਰ ਦੀ 'ਵੱਟ ਇਜ਼ ਹਿਸਟਰੀ' ?" ਦੀ ਵਾਕਬੀ ਜ਼ਰੂਰੀ ਹੈ। ਕੀ ਇਤਿਹਾਸ ਇਕ ਅਜਿਹੀ ਸ਼ਖਸੀ ਰੱਖ ਹੈ ਕਿ ਇਸ ਵਿਚ ਇਕ ਖ਼ਾਸ ਆਦਮੀ ਦੇ ਪਰਮਿਟ ਬਿਨਾਂ ਪਰਵੇਸ਼ ਵਰਜਿਤ ਹੈ ? ਇਸ ਪਾਸ ਤੋਂ ਵੰਚਿਤ ਨਵੇਂ ਪੁਰਾਣੇ ਸਭ ਪਰਸਿਧ, ਅਪਰਸਿਧ ਇਤਿਹਾਸਕਾਰ ਬੁੰਨ੍ਹੇ ਸਮਝੇ ਜਾਣੇ ਚਾਹੀਦੇ ਹਨ ?

3. ਕਿਸ਼ਨ ਸਿੰਘ ਦੇ ਇਸ ਕਥਨ 'ਤੇ ਕਿ "ਆਧੁਨਿਕ ਸਮੇਂ ਤਕ ਬਰਤਾਨੀਆ ਦਾ ਬਾਦਸ਼ਾਹ ਸਟੇਟ ਦਾ ਮੁਖੀ ਹੀ ਨਹੀਂ ਸੀ, ਰਾਸ਼ਟਰੀ ਚਰਚ ਦਾ ਵੀ ਮੁਖੀ ਸੀ" ਹਾਂਸ ਜੀ ਨੇ ਹਾਸ਼ੀਆ ਆਰਾਈ ਕੀਤੀ ਹੈ ਕਿ 'ਸੀ ਨਹੀਂ 'ਹੈ' ।(ਇਹ ਨੋਟ ਕਰਨਾ ਭੁੱਲ ਗਏ ਕਿ 'ਬਰਤਾਨੀਆ' ਨਹੀਂ 'ਯੂ. ਕੇ.')। ਇੰਜੇ ਪ੍ਰਸੰਗ ਅਨੁਸਾਰ 'ਕਰਾਮਾਤ' ਦਾ ਸਾਫ਼ ਭਾਵ 'ਅਨੋਖੀ ਘਟਨਾ' ਅਤੇ 'ਜਮਾਤ' ਦਾ ਅਰਥ 'ਭਾਰੀ ਗਿਣਤੀ' ਛੱਡ ਕੇ ਹਾਂਸ ਜੀ ਉਹ ਅਨਰਥ ਅਪਣਾਂਦੇ ਹਨ ਜਿਸ ਰਾਹੀਂ ਜਿਵੇਂ ਕਿਵੇਂ ਉਹ ਕਿਸ਼ਨ ਸਿੰਘ ਨੂੰ ਨਿਆਯ ਦਾ ਵੈਰੀ ਸਿੱਧ ਕਰ ਸਕਣ। ਜੇ ਹੋਰ ਵਾਰ ਨਾ ਕਾਰਗਰ ਹੋਵੇ ਤਾਂ ਬਜਰ ਸ਼ਬਦਾਂ ਦਾ ਵਦਾਣ ਹੀ ਦੇ ਮਾਰੋ, ਤੇਲੀ ਦੀ ਧੌਣ ਦਾ ਮਣਕਾ ਤਾਂ ਟੁਟੂ।

4. ਹਾਂਸ ਜੀ ਫ਼ੁਰਮਾਂਦੇ ਨੇ, "ਕਿਸ਼ਨ ਸਿੰਘ ਦੀ ਲਿਖਤ 'ਠੋਸ' ਨਹੀਂ, 'ਨਿਆਯ' ਤੋਂ ਦੂਰ ਹੈ, ਇਸ ਦੇ 'ਤੱਥ' ਸਹੀ ਨਹੀਂ, ਇਸ ਵਿਚ 'ਰਹਸਵਾਦ' ਦਾ ਜ਼ੋਰ ਹੈ, 'ਵਿਸ਼ੇ ਦੇ ਉਦਾਲੇ ਪੁਦਾਲੇ ਫਿਰੀ ਜਾਂਦੇ ਹਨ"...ਡਾ: ਟਰੰਪ ਨੇ ਆਪਣੀ ਥੋੜ-ਬੁੱਧੀ ਦਾ ਇਜ਼ਹਾਰ ਗੁਰੂ ਗ੍ਰੰਥ ਸਾਹਿਬ ਬਾਰੇ ਇਨ੍ਹਾਂ ਨਾਲ ਮਿਲਦੇ ਜੁਲਦੇ ਸ਼ਬਦਾਂ ਵਿਚ ਲਿਖ ਕੇ ਹੀ ਕੀਤਾ ਸੀ !

5. ਕਿਸ਼ਨ ਸਿੰਘ ਦੀ ਲਿਖਤ ਵਿਚ 'ਜੁਗਤ' ਨਹੀਂ ਤੇ 'ਵਿਆਖਿਆ' ਦੀਆਂ ਗ਼ਲਤੀਆਂ ਹਨ। ਹਾਂਸ ਜੀ ਦੀ ਦ੍ਰਿਸ਼ਟੀ ਸਤਹ ਦੀ ਚੱਦਰ ਪਾੜ ਕੇ ਵਿਸ਼ੇ-ਵਸਤੂ ਤਕ ਪਹੁੰਚਣ ਤੋਂ ਅਸਮਰਥ ਜਾਪਦੀ ਹੈ। ਜਿਸ ਲਿਖਤ ਦਾ ਰੂਪ ਚੰਦ ਖ਼ਾਸ ਪੁਸਤਕਾਂ ਦੀਆਂ ਜੰਜ਼ੀਰਾਂ ਵਿਚ ਨਹੀਂ ਬੰਨ੍ਹਿਆ ਗਿਆ, ਉਹਨੂੰ ਉਹ ਤੱਕਣ ਲਈ ਤਿਆਰ ਨਹੀਂ। ਸ੍ਰ: ਜਗਜੀਤ ਸਿੰਘ ਹੁਰਾਂ ਨੂੰ ਉਹਨਾਂ ਨੇ ਇਸ ਲਈ ਘੂਰਿਆ ਕਿ ਉਨ੍ਹਾਂ ਦੀ ਆਲੋਚਨਾ ਦਾ ਰੂਪ 'ਏਸ਼ੀਅਨ ਡਰਾਮਾ' ਦੇ ਅਨੁਕੂਲ ਨਹੀਂ ਸੀ।



ਕਿਸ਼ਨ ਸਿੰਘ ਨੂੰ ਤਾੜਨਾ ਕਰ ਰਹੇ ਹਨ ਕਿ ਉਨ੍ਹਾਂ "ਵੱਟ ਇਜ਼ ਹਿਸਟਰੀ ?" ਨਹੀਂ ਪੜ੍ਹੀ ਅਤੇ ਉਹ ਉਨ੍ਹਾਂ ਦੇ ਮਨ-ਵਸੇ ਨਿਆਯ-ਜੁਗਤ ਖਿਡੌਣਿਆਂ ਨਾਲ ਨਹੀਂ ਖੇਡੇ।

6. "ਕਿਸ਼ਨ ਸਿੰਘ ਵਾਲੀ ਮਾਇਆ ਦੀ ਵਿਆਖਿਆ ਅਜ ਤਕ ਕਿਸੇ ਨਹੀਂ ਕੀਤੀ।" ਹਾਂਸ ਜੀ ਇਹ ਵੀ ਨੁਕਸ ਸਮਝਦੇ ਹਨ। ਮੱਖੀ 'ਤੇ ਮੱਖੀ ਮਾਰਨਾ ਹੀ ਖ਼ੂਬੀ ਹੈ ? ਸਵਾਲ ਤਾਂ ਨਵੀਨ ਦੇ ਵਜ਼ਨੀ ਤੇ ਮਾਕੂਲ ਹੋਣ ਦਾ ਹੈ। ਜਾਪਾਨ ਤੋਂ ਪਹਿਲਾਂ ਸੁੱਚੇ ਮੋਤੀਆਂ ਦੀ ਕਲਚਰ ਵੀ ਕਿਸੇ ਨੇ ਨਹੀਂ ਸੀ ਕੀਤੀ। ਆਈਨਸਟੀਨ ਤੋਂ ਪਹਿਲਾਂ ਰੈਲੇਟਿਵਿਟੀ ਥੀਊਰੀ ਵੀ ਕਿਸੇ ਨੇ ਸਥਾਪਤ ਨਹੀਂ ਸੀ ਕੀਤੀ। ਜੋ ਅਮਲੀ ਜੀਵਨ-ਜਾਚ ਗੁਰੂ ਨਾਨਕ ਸਾਹਿਬ ਨੇ ਸਿਖਾਈ, ਉਹ ਪਹਿਲੋਂ ਕਿਸੇ ਨੇ ਨਹੀਂ ਦੱਸੀ। ਡਾ: ਬੁਧ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਅਤੇ ਪ੍ਰੋ: ਸਾਹਿਬ ਸਿੰਘ ਨੇ ਗੁਰਬਾਣੀ ਅਰਥ-ਬੋਧ ਦੀ ਜੋ ਲਗਾ-ਮਾਤਰਾਂ ਸਹਿਤ ਵਿਆਕਰਣ ਖੋਜੀ ਉਹ ਪਹਿਲੋਂ ਕਿਸੇ ਦੇ ਚਿਤ ਚੇਤੇ ਵੀ ਨਹੀਂ ਸੀ। "ਕਰਮ ਖੰਡ ਕੀ ਬਾਣੀ ਜ਼ੋਰ" ਦੀ ਪਉੜੀ ਦੇ ਜੋ ਅਰਥ ਸ੍ਰ: ਕਪੂਰ ਸਿੰਘ ਨੇ ਗੁਰਬਾਣੀ ਆਸ਼ੇ ਦੇ ਐਨ ਅਨਕੂਲ ਤੇ ਢੁਕਵੇਂ ਕੀਤੇ, ਉਹ ਪਹਿਲੋਂ ਕਿਸੇ ਨਹੀਂ ਕੀਤੇ। ਖ਼ਾਸ ਕਰ 'ਜ਼ੋਰ' ਅਤੇ ਸੀਤੋ ਸੀਤਾ ਮਹਿਮਾ ਮਾਹਿ" ਦੇ ਅਰਥਾਂ ਬਾਰੇ ਵੱਡੇ ਵੱਡੇ ਵਿਦਵਾਨ ਵੀ ਭੰਬਲ-ਭੂਸੇ ਹੀ ਖਾਂਦੇ ਰਹਿ ਗਏ ਸਨ। ਲੇਕਿਨ ਖੂਹ ਦਾ ਡੱਡੂ ਖੂਹ ਦੇ ਅੰਦਰ ਉਦਾਲੇ ਪੁਦਾਲੇ ਘੁੰਮਕੇ ਆਖਦਾ ਹੈ, "ਇਸ ਤੋਂ ਵੱਡੀ ਦੁਨੀਆਂ ਜੋ ਆਖਦਾ ਹੈ, ਉਸ ਦਾ ਦਿਮਾਗ਼ ਹਿਲ ਗਿਆ ਹੈ।" ਗੁਰਬਾਣੀ ਦੇ ਕਈ ਸ਼ਬਦਾਂ ਦੇ ਆਧਾਰ 'ਤੇ ਕਿਸ਼ਨ ਸਿੰਘ ਨੇ ਸਟੇਟ-ਰਹਿਤ ਸਮਾਜ ਦੀ ਕਲਪਨਾ ਦਾ ਜੋ ਗੁਰਮਤ ਰੂਪ ਚੰਗੀ ਤਰ੍ਹਾਂ ਰੌਸ਼ਨ ਕੀਤਾ ਹੈ, ਉਹਦੇ ਬਾਰੇ ਹਾਂਸ ਜੀ ਫ਼ੁਰਮਾਂਦੇ ਨੇ ਕਿ ਅਕਲ ਨੂੰ ਖੈਰਬਾਦ ਕਹਿ ਕੇ ਹੀ ਆਖਿਆ ਜਾ ਸਕਦਾ ਹੈ : ("ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ। ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ" — 1370) ਜੋ ਮਜ਼ਮੂਨ ਵਿਦਵਾਨਾਂ ਨੇ ਜ਼ਿੰਦਗੀ ਦਾ ਮਿਸ਼ਨ ਬਣਾ ਕੇ ਘੋਖਿਆ ਹੋਵੇ, ਉਸ ਬਾਰੇ ਉਹ ਮੁੱਢਲੀ ਨਿਜ ਬੁੱਧੀ ਦੇ ਵਰੋਸਾਏ ਮੇਹਨਤ, ਤਜਰਬੇ ਅਤੇ ਮੁਹਾਰਤ ਦੇ ਬਲ-ਬੁੱਤੇ ਕੋਈ ਸਿੱਕੇ-ਬੰਦ ਗ਼ੈਰ-ਮਾਮੂਲੀ ਰਚਨਾ ਪੇਸ਼ ਕਰ ਸਕਦੇ ਹਨ। ਥੋੜੇ ਜਿਹੇ ਓਪਰੇ ਗਿਆਨ ਨਾਲ ਸਭਨੀ ਪਾਸੀਂ ਚੁੰਝ ਮਾਰਨ ਨਾਲ ਨਿੱਗਰ ਲਾਭ ਦੀ ਥਾਂ ਹਾਨੀ ਹੀ ਹਾਨੀ ਹੈ : "ਮੰਤ੍ਰੀ ਹੋਇ ਅਠੂਹਿਆ ਨਾਗੀ ਲਗੇ ਜਾਇ। ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ" (148) ਅਤੇ "ਜੇ ਖੁੱਥੀ ਬਿੰਡਾ ਬਹੈ ਕਿਉਂ ਹੋਇ ਬਜਾਜੁ। ਕੁਤੇ ਦੇ ਗਲਿ ਵਾਸਣੀ ਨ ਸਰਾਫੀ ਸਾਜੁ। ਰਤਨਮਣੀ ਗਲਿ ਬਾਦਰੈ ਜਉਹਰੀ ਨਹਿ ਕਾਜੁ। ਗਦਹੁ ਚੰਦਨ ਲਾਈਐ ਨਹਿ ਗਾਂਧੀ ਗਾਜੁ। ਜੇ ਮਖੀ ਮੋਹਿ ਮਕੜੀ ਕਿਉਂ ਹੋਵੈ ਬਾਜੁ। ਸਚੁ ਸਚਾਵਾ ਚਾਢੀਐ ਕੂੜਿ ਕੂੜਾ ਪਾਜੁ।" (ਭਾਈ ਗੁਰਦਾਸ)

7. "ਸੂਫੀਵਾਦ ਦਾ ਕੋਈ ਭਵਿੱਖ ਨਹੀਂ।" ਇਹ ਪਤਾ ਨਹੀਂ ਹਾਂਸ ਜੀ ਦਾ ਅਲਹਾਮ ਹੈ ਜਾਂ ਸਰਾਪ। ਵੈਸੇ ਸ਼ਰੋਮਣੀ ਸੂਫੀ ਬਾਬਾ ਫ਼ਰੀਦ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦੇ ਨਾਤੇ ਜਿਵੇਂ ਸਿੱਖੀ 'ਜੁਗੋ ਜੁਗ ਅਟੱਲ' ਰਹੇਗੀ ਤਿਵੇਂ ਬਾਬਾ ਫ਼ਰੀਦ ਦੀ ਯਾਦ ਤੇ ਉਨ੍ਹਾਂ ਦੇ ਅਮਲਾਂ ਦਾ ਭਵਿੱਖ ਵੀ ਰੌਸ਼ਨ ਰਹੇਗਾ।

8. ਅਖ਼ੀਰ ਹਾਂਸ ਜੀ ਸਿਖਰ ਨੂੰ ਛੂੰਹਦੇ ਹਨ : "ਸ. ਕਿਸ਼ਨ ਸਿੰਘ ਵਿਚ ਮਾਮੂਲੀ ਬੁੱਧੀਮਾਨੀ ਈਮਾਨਦਾਰੀ ਵੀ ਨਹੀਂ। ਡਾ. ਗਰੇਵਾਲ ਨੇ ਗੁਰੂ ਗੋਬਿੰਦ ਸਿੰਘ ਨੂੰ ਕਿੱਥੇ ਖ਼ੁਦਗ਼ਰਜ਼ ਅਤੇ ਸਾਧਾਰਨ ਜਹੀ ਸ਼ਖ਼ਸੀਅਤ ਕਿਹਾ ਹੈ ?" ਕਿਹਾ ਨਹੀਂ, ਦਰਸਾਇਆ ਹੈ। ਸਾਰੇ ਮਜ਼ਮੂਨ ਦਾ ਸਮੁੱਚਾ ਭਾਵ, ਅੱਡਰੇ ਅੱਡਰੇ ਪੈਰਿਆਂ ਦਾ ਸਾਫ਼ ਪ੍ਰਗਟਾਅ ਨਾ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਨੂੰ

ਹੀ, (ਕਿਸ਼ਨ ਸਿੰਘ ਨੇ ਡਾ. ਗਰੇਵਾਲ ਦੀ ਲਿਖਤ ਦੇ ਅਜਿਹੇ ਥਾਵਾਂ 'ਤੇ ਸਿੱਧੀ ਉਂਗਲ ਰੱਖੀ ਹੈ) ਬਲਕਿ ਗੁਰੂ ਤੇਗ ਬਹਾਦੁਰ ਸਾਹਿਬ ਦੀ ਅਦੁਤੀ ਸ਼ਖ਼ਸੀਅਤ ਨੂੰ ਵੀ ਛੁਟਿਆਂਦਾ ਤੇ ਧੁੰਧਲਾਂਦਾ ਹੈ, ਅਰ ਇਹ ਸਭ ਕੁਛ ਇਤਿਹਾਸਕ ਸਿੱਧੇ ਸਾਫ਼ ਸਿੱਟਿਆਂ ਨੂੰ ਤਰੋੜ ਮਰੋੜਕੇ ਜਿਸ ਦੇ ਵਿਰੁਧ ਮੇਰਾ ਰੋਸ ਸੇਧ. ਸਤੰਬਰ 1976 ਵਿਚ ਛਪਿਆ ਹੈ (ਪੰਨਾ 48-49)। ਪਰੰਤੂ ਹਾਂਸ ਜੀ ਨੂੰ ਜ਼ੇਰੇ-ਬਹਿਸ ਵਿਸ਼ੇ 'ਤੇ ਵਿਰੋਧੀ ਰਾਏ ਪੜ੍ਹਨ ਦੀ ਕੋਈ ਮਜਬੂਰੀ ਨਹੀਂ ਜਾਪਦੀ। ਡਾ: ਗਰੇਵਾਲ ਦੇ ਬੇ-ਬੁਨਿਆਦ ਤੇ ਕੱਚੇ ਨਤੀਜੇ ਹਾਂਸ ਜੀ ਨੂੰ ਨਹੀਂ ਰੜਕੇ। ਜੇ ਹਾਂਸ ਜੀ ਨ ਸਿਰਫ਼ ਡਾ. ਗਰੇਵਾਲ ਦੇ ਮਜ਼ਮੂਨ ਵਿਚ ਗੁਰੂ ਤੇਗ ਬਹਾਦੁਰ ਤੇ ਗੁਰੂ ਗੋਬਿੰਦ ਸਿੰਘ ਦੀ ਇਤਿਹਾਸਕ ਵਡਿਤਣ ਢਾਹੁਣ ਦਾ ਕੋਝਾ ਯਤਨ ਵੇਖ ਕੇ ਅਣਡਿੱਠ ਕਰਨਾ ਚਾਹੁੰਦੇ ਹਨ, ਬਲਕਿ ਉਲਟਾ ਕਿਸ਼ਨ ਸਿੰਘ ਨੂੰ ਲਤਾੜਨ ਦਾ ਸ਼ਰਫ਼ ਹਾਸਲ ਕਰਨਾ ਚਾਹੁੰਦੇ ਹਨ, ਤਾ ਕੀ ਇਹ ਸਮਝਿਆ ਜਾਏ ਕਿ ਆਪਣੀ ਵਿਦਵਤਾ ਦੇ ਬੁਲੰਦ ਨਾਅਰੇ ਲਾਉਣ ਦੇ ਬਾਵਜੂਦ ਇਹਨਾਂ ਨੇ ਡਾ: ਗਰੇਵਾਲ ਦੇ ਮਜ਼ਮੂਨ ਨੂੰ ਨਾ ਸਮਝਿਆ ਹੈ ਅਤੇ ਨਾ ਹੀ ਕਿਸ਼ਨ ਸਿੰਘ ਦੀ ਆਲੋਚਨਾ ਦਾ ਸਾਰ-ਅੰਸ਼ ਇਹਨਾਂ ਦੇ ਪੱਲੇ ਪਿਆ ਹੈ। ਅਤੇ ਜਾਂ ਇਸ ਨਤੀਜੇ 'ਤੇ ਪਹੁੰਚਿਆ ਜਾਏ ਕਿ ਇਹਨਾਂ ਦੇ ਆਪਣੇ ਵਿਚ "ਮਾਮੂਲੀ ਬੁਧੀਮਾਨੀ ਈਮਾਨਦਾਰੀ ਵੀ ਨਹੀਂ ?"

— ਜਗਜੀਤ ਸਿੰਘ ਸੰਧੂ, ਨਵੀਂ ਦਿਲੀ

■ ਜਗਜੀਤ ਸਿੰਘ ਦੇ ਇਤਿਹਾਸ ਸਬੰਧੀ ਲੇਖ ਬੜੇ ਗਿਆਨ-ਭਰਪੂਰ ਹੁੰਦੇ ਹਨ ਅਤੇ ਉਸ ਵੇਲੇ ਦੇ ਸਮਾਜ ਦਾ ਸਹੀ ਵਿਸ਼ਲੇਸ਼ਨ ਕਰਦੇ ਹਨ। ਅਜਿਹੀ ਜਾਣਕਾਰੀ ਦੇਣ ਦਿਵਾਣ ਦਾ ਜਤਨ ਕਰਦੇ ਰਹੋ।

ਸੁਰਜੀਤ ਹਾਂਸ ਦੀ ਪ੍ਰੋ. ਕਿਸ਼ਨ ਸਿੰਘ ਤੇ ਡਾ. ਗਰੇਵਾਲ ਸੰਬੰਧੀ ਟਿਪਣੀ ਦੀ ਸਮਝ ਨਹੀਂ ਆਈ। ਆਲੋਚਨਾ ਉਦਾਹਰਨ-ਭਰਪੂਰ ਚਾਹੀਦੀ ਹੈ ਤਾਂ ਜੋ ਸਾਰੀ ਗੱਲ ਸਪਸ਼ਟ ਹੋ ਸਕੇ। ਪ੍ਰੋ. ਕਿਸ਼ਨ ਸਿੰਘ ਤਾਂ ਇਕ ਵਾਰ ਪੂਰੀ ਤਰ੍ਹਾਂ ਕਾਇਲ ਕਰ ਲੈਂਦੇ ਹਨ, ਪਰ ਉਹਨਾਂ ਦੇ ਆਲੋਚਕ ਉਹਨਾਂ ਪ੍ਰਤੀ ਬਣੀ ਹੋਈ ਸਾਡੀ ਰਾਏ ਨੂੰ ਭੰਨਣ ਤੋੜਨ ਦਾ ਯਤਨ ਕਰਦੇ ਹਨ। ਜਾਂ ਤਾਂ ਉਹ ਵੀ ਵਿਸਥਾਰ ਨਾਲ ਸਪਸ਼ਟੀਕਰਨ ਕਰਨ, ਨਹੀਂ ਤਾਂ ਉਹ ਬਣੀ ਹੋਈ ਰਾਏ ਨੂੰ ਗੰਧਲਾ ਕਰਨ ਦੀ ਸਾਜ਼ਿਸ਼ ਕਰਦੇ ਜਾਪਦੇ ਹਨ। — ਮਾਸਟਰ ਹੀਰਾ ਸਿੰਘ, ਸੁਰ ਸਿੰਘ

■ ਡਾ: ਕੋਹਲੀ ਦੇ ਥੀਸਿਜ਼ ਤੋਂ ਬਾਅਦ ਸੋਬਤੀ ਸਾਹਿਬ ਦਾ ਡਾ: ਕਰਨੈਲ ਸਿੰਘ ਥਿੰਦ ਦੇ ਥੀਸਿਜ਼ ਉਪਰ ਲਿਖਿਆ ਹੋਇਆ ਲੇਖ ਪੜ੍ਹਿਆ ਹੈ। ਪੰਜਾਬੀ ਵਿਚ ਹੋਈ ਜਾਂ ਹੋ ਰਹੀ ਰੀਸਰਚ ਬਾਰੇ Rethink ਕਰਨ ਦੀ ਪਰੇਰਨਾ ਇਹਨਾਂ ਲੇਖਾਂ ਦੀ ਪ੍ਰਾਪਤੀ ਕਹੀ ਜਾ ਸਕਦੀ ਹੈ। ਚੰਗਾ ਹੋਵੇ ਜੇ ਸੋਬਤੀ ਸਾਹਿਬ ਇਸ ਖੇਤਰ ਵਿਚ ਏਨਾਂ ਕੰਮ ਕਰ ਦੇਣ ਤਾਂ ਜੁ ਹੋਏ ਕੰਮ ਦੀ ਨੁਹਾਰ ਪਛਾਣੀ ਜਾ ਸਕੇ। ਰੀਸਰਚ ਦੀ ਪਰੰਪਰਾ ਦੀ ਉਸਾਰੀ ਲਈ ਵੀ ਇਹ ਬਹੁਤ ਜ਼ਰੂਰੀ ਹੈ।

— ਸਰਦਾਰਾ ਸਿੰਘ, ਪੱਟੀ

■ 'ਧਰ ਤਰਾਜ਼ੂ ਤੋਲੀਐ' ਕਾਲਮ ਪੰਜਾਬੀ ਸਾਹਿਤ ਨੂੰ ਵਡੀ ਦੇਣ ਕਹੀ ਜਾ ਸਕਦੀ ਹੈ। ਇਥੇ ਇਸ ਕਾਲਮ ਦੀ ਬਹੁਤ ਚਰਚਾ ਹੈ। ਇਸ ਨੂੰ ਜਾਰੀ ਰਖਣਾ।

— ਤੇਜਬੀਰ ਸਿੰਘ, ਪਟਿਆਲਾ




# ਨੈਸ਼ਨਲ ਬੁਕ ਟਰੱਸਟ, ਇੰਡੀਆ

## ਦੇ ਨਵੇਂ ਪ੍ਰਕਾਸ਼ਨ

**ਮਨੁੱਖ ਦੇ ਰੂਪ** (ਹਿੰਦੀ ਨਾਵਲ) — ਯਸ਼ਪਾਲ; ਅਨੁਵਾਦ : ਐਸ. ਐਸ. ਮੀਸ਼ਾ।
ਹਿੰਦੀ ਦਾ ਪ੍ਰਸਿੱਧ ਨਾਵਲ ਹੈ। ਮਨੁੱਖ ਵੱਖੋ ਵੱਖ ਹਾਲਤਾਂ ਵਿਚ ਕਿਵੇਂ ਬਦਲ ਜਾਂਦਾ ਹੈ। ਜੀਵਨ ਦਾ ਘੋਰ ਯਥਾਰਥ ਤੇ ਪੀੜ ਹੈ ਇਸ ਵਿਚ।
ਸਫ਼ੇ : 312+11 — ਕੀਮਤ : 12.00

**ਹਿੰਦੀ ਇਕਾਂਗੀ** : ਸੰਪਾਦਕ-ਚੰਦਰਗੁਪਤ ਵਿਦਿਆਲੰਕਾਰ; ਅਨੁਵਾਦ : ਗੁਰਸ਼ਰਨ ਸਿੰਘ
ਇਹ ਵੱਖ ਵੱਖ ਸ਼ੈਲੀਆਂ ਦੀ ਪ੍ਰਤੀਨਿਧਤਾ ਕਰਨ ਵਾਲਾ ਸੰਗ੍ਰਹਿ ਹੈ। ਸਾਰੇ ਰਚਨਾਕਾਰ ਹਿੰਦੀ ਜਗਤ ਦੇ ਜਾਣੇ ਪਛਾਣੇ ਲੇਖਕ ਹਨ।
ਸਫ਼ੇ : 250+12 — ਕੀਮਤ : 12.00

**ਫੁੱਲ ਕੁਮਲਾਇਆ** : (ਮਰਾਠੀ ਨਾਵਲ) ਪੁ. ਯ. ਦੇਸ਼ਪਾਂਡੇ; ਮਰਾਠੀ ਤੋਂ ਸਿੱਧਾ ਪੰਜਾਬੀ ਅਨੁਵਾਦ : ਸਵਰਨ ਸਿੰਘ।
ਇਹ ਨਾਵਲ ਅਸਫ਼ਲ ਪ੍ਰੇਮ ਦੀ ਜਜ਼ਬਾਤੀ ਕਹਾਣੀ ਹੈ। ਪ੍ਰਤੀਕਾਤਮਕਤਾ ਹੀ ਇਸ ਦੀ ਖ਼ਾਸੀਅਤ ਹੈ।
ਸਫ਼ੇ : 66+14 — ਕੀਮਤ : 4.25

**ਦਰਪਣ** : (ਮਲਿਆਲਮ ਨਾਵਲ) ਪੀ. ਕੇਸ਼ਵਦੇਵ, ਅਨੁਵਾਦ : ਮੋਹਨਜੀਤ।
ਇਹ ਨਾਵਲ ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਦੇ ਅਖ਼ੀਰਲੇ ਦਿਨੀਂ ਟ੍ਰਾਵਨਕੋਰ ਵਿਚ ਮਜ਼ਦੂਰ ਜਮਾਤ ਦੇ ਸੰਘਰਸ਼ ਨੂੰ ਪੇਸ਼ ਕਰਦੀ ਹੈ।
ਸਫ਼ੇ : 16+136 — ਕੀਮਤ : 6.25

**ਆਜ਼ਾਦ ਹਿੰਦ ਫ਼ੌਜ ਦੀ ਵਾਰਤਾ** : ਐਸ. ਏ. ਆਇਰ; ਅਨੁਵਾਦ : ਅਮਰ ਸਿੰਘ।
ਇਹ ਪੁਸਤਕ ਆਜ਼ਾਦ ਹਿੰਦ ਫ਼ੌਜ ਦੇ ਇਤਿਹਾਸ ਤੇ ਨੇਤਾ ਜੀ ਉਤੇ ਚਾਨਣਾ ਪਾਉਂਦੀ ਹੈ। ਬੜਾ ਹੀ ਸਜੀਵ ਅਨੁਵਾਦ।
ਸਫ਼ੇ : 128 — ਕੀਮਤ : 12.00

**ਕੁਝ ਭਾਰਤੀ ਕ੍ਰਿਕਟ ਖਿਡਾਰੀ** : ਰੂਸੀ ਮੋਦੀ; ਅਨੁਵਾਦ : ਸੋਹਨ ਸਿੰਘ
ਇਕ ਕ੍ਰਿਕਟ ਖਿਡਾਰੀ ਵਲੋਂ ਹੀ ਖਿਡਾਰੀਆਂ ਦੇ ਖੇਡਣ ਦੇ ਢੰਗ ਤੇ ਵਲਵਲਿਆਂ ਨੂੰ ਪੇਸ਼ ਕਰਦੀ ਪੁਸਤਕ।
ਸਫ਼ੇ : 126 — ਕੀਮਤ ; 9.25

**ਪੁਲਾੜ ਦੇ ਚਮਤਕਾਰ** : ਮੋਹਨ ਸੁੰਦਰ ਰਾਜਨ; ਅਨੁਵਾਦ : ਜੀ. ਐਸ. ਮੋਹੇ
ਪੁਲਾੜ ਸੰਬੰਧੀ ਬਹੁਤ ਸਾਰੇ ਸਵਾਲਾਂ ਦਾ ਇਹ ਪੁਸਤਕ ਜੁਆਬ ਦਿੰਦੀ ਹੈ। ਮੋਹਨ ਸੁੰਦਰ ਰਾਜਨ ਇਸ ਵਿਸ਼ੇ ਦੇ ਮਾਹਰ ਲੇਖਕ ਤੇ ਰੇਡੀਓ ਆਲੋਚਕ ਹਨ। ਪੰਜਾਬੀ ਅਨੁਵਾਦ ਬੇਹੱਦ ਰੌਚਕ ਹੈ।
ਸਫ਼ੇ : 102 — ਕੀਮਤ : 10.00

**ਇਹ ਤੇ ਸਾਡੀਆਂ ਹੋਰ ਪੁਸਤਕਾਂ ਮਿਲਣ ਦਾ ਪਤਾ :**

ਵਿਕਰੀ ਅਧਿਕਾਰੀ
**ਨੈਸ਼ਨਲ ਬੁੱਕ ਟਰੱਸਟ ਇੰਡੀਆ,**
ਏ-5, ਗ੍ਰੀਨ ਪਾਰਕ
ਨਵੀਂ ਦਿੱਲੀ-110016

**ਨਵਯੁਗ ਪਬਲਿਸ਼ਰਜ਼**
ਚਾਂਦਨੀ ਚੌਕ
ਦਿੱਲੀ-11006

**ਸੇਲਜ਼ ਇੰਪੋਰੀਅਮ**
(ਪਬਲੀਕੇਸ਼ਨ ਡਿਵੀਜ਼ਨ)
ਸੁਪਰ ਬਾਜ਼ਾਰ
(ਦੂਜੀ ਮੰਜ਼ਿਲ)
ਕਨਾਟ ਸਰਕਸ
ਨਵੀਂ ਦਿਲੀ 110001

## Statements From A Growing State

The cradle of the world's most ancient society — the Indus Valley and Harappan — Punjab is where the Aryans first brought what was to pecome a world-encompassing civilisation.

Uptill the 18th century, all foreign invaders — the Persians, Greeks, Scythians, Parthians, Huns, Turks & Mongols — came to India through the Northwest, and Punjab, in effect, became the "Sword arm of India".

India's independence in 1947 also meant Punjab's partition and the Indian Punjab at that time was a poor, deficit State. Today Punjab is still a tiny corner of the country — but led by their dynamic Chief Minister Giani Zail Singh, the State has become India's milk udder and granary.

Then came the green revolution — the white revolution and today we witness the revolution of turning wheels.

But Punjab, along with its prosperity & technological progress is still the region where the Aryans composed the Vedas (2500 B.C.); where the sage Valmiki wrote the Ramayana — where Guru Nanak and the great gurus gave the divine message of universal brotherhood — of true secularism — & of Vahiguru's Grace.

Punjab echoes still with the dohas of Kabir — the vanis of the guru — devotional songs of Surdas — and with the lyrics of Heer Ranjha — Waras Shah's classic of perpetual love —

You could go on and on. . . . .

And yet Punjab is the State with the highest per capita income & surplus foodgrains — The producer of 90% of India's woollen hosiery goods and the birth place of some of India's finest sportsmen.

The States most striking aspect is its hospitality.

A home without a guest in Punjab — is still considered "a house accursed".

PUNJAB EVER ON THE MOVE. . .CHANGING. . .
INVADING THE FUTURE

Issued by Director, Information and Publicity; Government of Punjab.



## ਸੇਧ ਇਥੋਂ ਮਿਲਦਾ ਹੈ

1. ਸਰਵਨ ਸਿੰਘ ਚਰਨ ਸਿੰਘ ਨਿਊਜ਼ਪੇਪਰ ਏਜੰਟਸ, ਹਾਲ ਦਰਵਾਜ਼ਾ, ਅੰਮ੍ਰਿਤਸਰ
2. ਨੀਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
3. ਸੁੰਦਰ ਬੁੱਕ ਡਿਪੋ, ਮਾਈ ਹੀਰਾਂ ਗੇਟ, ਜਲੰਧਰ
4. ਗਗਨ ਸਟੇਸ਼ਨਰੀ ਮਾਰਟ, ਨਕੋਦਰ
5. ਕਮਲ ਬੁਕ ਡਿਪੋ, ਬੱਸ ਅੱਡਾ, ਪਟਿਆਲਾ
6. ਮਦਾਨ ਬੁਕ ਡਿਪੋ, ਅਦਾਲਤ ਬਾਜ਼ਾਰ, ਪਟਿਆਲਾ
7. ਗੁਲਾਬ ਸਿੰਘ ਐਂਡ ਸਨਜ਼, ਰੇਲਵੇ ਸਟੇਸ਼ਨ, ਲੁਧਿਆਣਾ
8. ਚੂਹੜ ਮਲ ਮੁਹਿੰਦਰਪਾਲ ਬਾਂਸਲ, ਬੱਸ ਅੱਡਾ, ਬਰਨਾਲਾ
9. ਜਥੇਦਾਰ ਨਿਊਜ਼ ਏਜੰਸੀ, ਗੁਰੂ ਸਰ ਸੁਧਾਰ
10. ਸੈਂਟਰਲ ਨਿਊਜ਼ ਏਜੰਸੀ, ਕਨਾਟ ਪਲੇਸ, ਨਵੀਂ ਦਿੱਲੀ
11. ਅਬਦੁਲਾ ਰਫ਼ੂਗਰ, ਨਿਊਜ਼ ਪੇਪਰ ਏਜੰਟ, ਅਮੀਰ ਕਾਦਲ, ਸਿਰੀ ਨਗਰ
12. ਦਲੀਪ ਬੁਕ ਸਟਾਲ, ਮਾਛੀਵਾੜਾ
13. ਇੰਗਲਿਸ਼ ਬੁਕ ਡਿਪੋ, 22-ਡੀ ਸੈਕਟਰ, ਚੰਡੀਗੜ੍ਹ
14. ਵਿਪਨ ਬੁਕ ਸਟੋਰ, ਬੱਸ ਅੱਡਾ, ਮਾਨਸਾ
15. ਖ਼ਾਲਸਾ ਨਿਊਜ਼ ਏਜੰਸੀ, ਮੋਗਾ
16. ਸ੍ਰੀ ਅਮਰ ਨਾਥ, 248/8, ਪੱਟੀ
17. ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ, ਅੰਮ੍ਰਿਤਸਰ
18. ਸ੍ਰੀ ਪ੍ਰੀਤਮ ਸੈਨੀ, ਸੰਗਰੂਰ

S E D H (Panjabi Monthly) November, 1976
Registered with the Registrar of Newspapers
for India—Registration No. 23895/72 Regd. No. D (S) 022


# KEY ROLE OF FCI

India's biggest undertaking in the field of fertilizer industry, the Fertilizer Corporation of India Limited, is one of the largest producers of plant nutrients in the world.

## FCI's Production Units

FCI's six functioning units at Sindri (Bihar), Nangal (Punjab), Trombay (Maharashtra), Gorakhpur (U.P), Namrup (Assam) and Durgapur (W. Bengal) have the installed capacity of over six lakh tonnes of plant nutrients. This will rise to over 35 lakh tonnes when additional plants under construction, and in advanced stages of planning, go on stream.

## Catalyst know-how

FCI is one of the few organisations in the world to develop and produce a complete range of fertilizer catalysts so vital to the industry.

## Total fertilizer technology

Backed by its intensive Research & Development efforts FCI has now developed its own know-how, design and engineering capability and can execute six to eight modern fertilizer plants at a time from the blueprint to the final commissioning stage.

## Marketing Set-up

With a vast network of sales outlets and active promotional measures, FCI now serves farmers in most parts of the country.

THE FERTILIZER CORPORATION OF INDIA LIMITED